


# ਮਹਿਕ-ਏ-ਵਤਨ
# Mehak E wattan
Fortnightly Newspaper



Hardev Brar
Chief Editor

• Vol-I • Issue- 9 • Phone : +64,274-427-338 +64 09 3900004 • mehakewattan@gmail.com • September 2024


9 ਵਟਣੇ ਦੀ ਰਸਮ ਅਤੇ ਗੀਤ



11 ਚਤਰ ਸਿੰਘ ਪਰਵਾਨਾ




13



ਫ਼ਿਲਮ ਐਮਰਜੈਂਸੀ ਦੀ ਅੱਜ ਮੱਧਪ੍ਰਦੇਸ਼ ਦੇ ਹਾਈਕੋਰਟ 'ਚ ਹੋਵੇਗੀ ਸੁਣਵਾਈ

15 ਅੱਖਾਂ ਦੀ ਦੇਖਭਾਲ (Eye Care)



## ਨਿਊਜ਼ੀਲੈਂਡ ਦੇ ਮਾਓਰੀ ਕਿੰਗ ਦੀ ਮੌਤ, 18 ਸਾਲ ਤੱਕ ਕੀਤਾ ਸ਼ਾਸਨ



ਨੁਕੁਆਲੋਫਾ (ਏ.ਪੀ.) ਨਿਊਜ਼ੀਲੈਂਡ ਦੇ ਮਾਓਰੀ ਕਿੰਗ, ਕੀਂਗੀ ਤੁਹੀਤੀਆ ਪੂਟਾਟੌਂ ਤੇ ਵੇਰੋਹੇਰੋ ਡਰੀ ਦੀ 69 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਇਹ ਅਣਹੋਣੀ ਉਨ੍ਹਾਂ ਦੀ ਗੱਦੀ 'ਤੇ ਆਪਣੇ 18ਵੇਂ ਸਾਲ ਦੇ ਜਸ਼ਨ ਤੋਂ ਕੁਝ ਦਿਨ ਬਾਅਦ ਵਾਪਰੀ। ਮਾਓਰੀ ਕਿੰਗ

(ਬਾਕੀ ਪੰਨਾ 9 'ਤੇ)

## ਰਸਾਇਣ ਨਾਲ ਭਰੇ ਟਰੱਕ 'ਚ ਜ਼ੋਰਦਾਰ ਧਮਾਕਾ, ਇਕ ਵਿਅਕਤੀ ਦੀ ਮੌਤ



ਸਿਡਨੀ, (ਆਈ.ਏ.ਐੱਨ.ਐੱਸ.)- ਆਸਟ੍ਰੇਲੀਆ ਦੇ ਰਾਜ ਕੁਈਨਜ਼ਲੈਂਡ ਵਿੱਚ ਸ਼ੁੱਕਰਵਾਰ ਨੂੰ ਰਸਾਇਣ ਨਾਲ ਭਰਿਆ ਇੱਕ ਟਰੱਕ ਹਾਦਸਾਗ੍ਰਸਤ ਹੋ ਗਿਆ ਅਤੇ ਫਿਰ ਇਸ ਵਿਚ ਵਿਸਫੋਟ ਹੋ ਗਿਆ। ਵਿਸਫੋਟ ਹੋਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਵਿਸਫੋਟ ਮਗਰੋਂ ਕਸਬੇ ਨੂੰ ਤੁਰੰਤ ਖਾਲੀ ਕਰਵਾ ਲਿਆ ਗਿਆ।

(ਬਾਕੀ ਪੰਨਾ 9 'ਤੇ)

Rubal Singh
Ray White



CHAIRMANS ELITE PERFORMER 20-21
No. 1
RAY WHITE MANUKAU
2020-2021
Rubal Singh
021 333 350
rubal.singh@raywhite.com
www.rubalsingh.co.nz
Ray White Manukau | AT Realty Limited Licensed (REAA 2008)

## ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕਰਨ ਦੇ ਵਧਣ ਲੱਗੇ ਅਸਾਰ!

ਲੁਧਿਆਣਾ (ਮੁੱਲਾਂਪੁਰੀ)- ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿ. ਰਘਬੀਰ ਸਿੰਘ ਅਤੇ 5 ਸਿੰਘ ਸਾਹਿਬਾਨਾਂ ਨੇ ਪੰਜਾਬ 'ਚ 10 ਸਾਲਾਂ ਪੰਥਕ ਸਰਕਾਰ ਦੇ ਹੁੰਦਿਆਂ ਜੋ ਊਣਤਾਣੀਆਂ ਤੇ ਬੇਅਦਬੀਆਂ ਹੋਈਆਂ ਅਤੇ ਸੌਦਾ ਸਾਧ ਨੂੰ ਮੁਆਫ਼ੀ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਹੈ ਅਤੇ ਉਸ ਵੇਲੇ ਦੇ ਸਾਥੀ ਵਜ਼ੀਰਾਂ ਤੋਂ ਸਪਸ਼ਟੀਕਰਨ ਮੰਗ ਲਿਆ ਹੈ।

ਹੁਣ ਸਿੱਖ ਅਤੇ ਪੰਥਕ ਹਲਕਿਆਂ 'ਚ ਇਸ ਗੱਲ ਨੇ ਜ਼ੋਰ ਫੜ ਲਿਆ ਹੈ ਕਿ ਉਸ ਵੇਲੇ ਦੇ ਜਥੇਦਾਰ ਗਿ. ਗੁਰਬਚਨ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਵੀ ਤਲਬ ਕੀਤਾ ਜਾਵੇ ਅਤੇ ਉਸ ਵੇਲੇ ਦੀਆਂ ਸਾਰੀਆਂ ਰਿਪੋਰਟਾਂ ਅਤੇ ਕਾਰਵਾਈ ਸਿੱਖ ਸੰਗਤਾਂ ਅੱਗੇ ਪੇਸ਼ ਕੀਤੀ ਜਾਵੇ, ਤਾਂ ਜੋ ਪਤਾ ਲੱਗ ਸਕੇ ਕਿ ਉਸ ਵੇਲੇ ਦੇ ਜਥੇਦਾਰਾਂ ਤੋਂ ਕਿਹੜੇ-ਕਿਹੜੇ ਫ਼ੈਸਲੇ ਕਰਵਾਏ ਅਤੇ ਸੌਦਾ ਸਾਧ ਨੂੰ ਮੁਆਫ਼ੀ, ਉਸ ਤੋਂ ਬਾਅਦ ਸੰਗਤਾਂ ਦੇ ਵਧੇ ਦਬਾਅ ਦੇ ਚਲਦੇ ਮੁਆਫ਼ੀ ਨੂੰ ਵਾਪਸ ਲੈਣਾ ਅਤੇ ਸ਼੍ਰੋਮਣੀ ਕਮੇਟੀ ਨੇ ਸੌਦਾ ਸਾਧ ਦੇ ਮੁਆਫ਼ ਹੋਣ 'ਤੇ 90 ਲੱਖ ਦੇ ਇਸ਼ਤਿਹਾਰ ਅਖ਼ਬਾਰਾਂ 'ਚ ਛਾਪ ਕੇ ਉਸ ਦੀ ਪਿੱਠ ਥਾਪੜਨਾ ਅਤੇ ਉਸ ਦੇ ਸੋਹਲੇ ਗਾਉਣਾ, ਬਾਰੇ ਸੱਚਾਈ ਸਾਹਮਣੇ ਆ ਸਕੇ।



MPS Surgery Ltd

Services Provided:
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz


TAKANINI TYRES & MECHANICAL LTD
Our Services :
• Oil Changes
• Wheel alignment
• Tire Services
• Brake Repairs
• WOF Repairs
Our Specials This Month
DAYTON TYRES
185/65/15 NOW $85
175/65/14 NOW $75
WHEEL ALIGNMENT NOW $65 (USUALLY $80)
CAR SERVICE FROM $125 (USUALLY $160)
WE ARE OPEN MON-SAT 8.30AM TO 5PM
266 GREAT SOUTH ROAD,TAKANINI
021 044 7389
09 212 4111
FB - Takanini Tyres
Karamjit (Jit) Singh
MANAGER


Karan Singh
Residential Sales
BARFOOT & THOMPSON
Ready To Sell Your Home?
Get top dollar with my expert real estate services. Contact me now for a free appraisal!
M - 020 425 2726
E - karan.singh@barfoot.co.nz


GTB
Horticulture Ltd
Our Commitment - Your Relief
ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।
Pickup & Drop Off Available
Manpreet Singh Dhaliwal
021 147 1502
Manpreet Singh Batth
020 4057 2327
Email: gtb.horticulture@gmail.com


Chill Out
INDIAN RESTAURANT & BAR
Takeaway Menu
OPEN 7 DAYS
SUN-WED : 12PM - 9:30PM
THU-SAT : 12PM - 10:30PM
CHILL OUT SPECIAL
ANY FULL CHICKEN / VEG CURRY + RICE + NAAN
$15.99
TAKEAWAY ONLY
COMBO MEAL DEAL
ANY FULL CURRY + RICE + NAAN + DRINK CAN
$20.99
TAKEAWAY ONLY
(Including Lamb, Goat & Seafood)
Available on
Uber Eats
FOOD HUB
Order Meal
09 845 6936
Shop 12, 945 A, New North Road,
Mt. Albert, Auckland - 1025
chilloutindianbar@gmail.com
www.chilloutindian.co.nz
www.chilloutindianrestaurandbar.co.nz

# ਇਮਾਨਦਾਰੀ ਨਾਲ ਤਲਾਕਸ਼ੁਦਾ ਔਰਤ ਕਰੋੜਪਤੀ ਬਣੀ

(ਸੱਚ 'ਤੇ ਅਧਾਰਤ) (15-7-2020)

ਦਿਨੋਂ-ਦਿਨਭਾਰਤ ਵਿੱਚ ਤਲਾਕ ਦੇ ਕੇਸ ਵਧਰਹੇ ਹਨ।ਤਲਾਕਹੋਣ ਦੇ ਕਈ ਕਾਰਨਹਨ। ਅੱਜ ਇਸ ਆਰਟੀਕਲ ਵਿੱਚ ਕਾਰਨਾਂ ਦੀ ਗੱਲ ਨਹੀਂਕੀਤੀਜਾਵੇਗੀ। ਇਹ ਦੇਖਿਆਜਾਵੇਗਾ ਕਿ ਤਲਾਕਹੋਣਦੀਸੂਰਤ ਵਿੱਚ ਆਮ ਤੌਰ 'ਤੇ ਦੋਹਾਂ ਧਿਰਾਂ ਦਾ ਵੱਖ-ਵੱਖ ਤਰਾਂ ਦਾ ਨੁਕਸਾਨ ਹੁੰਦਾ ਹੈ। ਇਸ ਨੁਕਸਾਨ ਤੋਂ ਬਿਨਾਂ ਬੱਚੇ ਵੀ ਇਸ ਪੀੜ ਵਿੱਚ ਪਿਸਜਾਂਦੇ ਹਨਜਿਨਾਂ ਦਾ ਕੋਈ ਕਸੂਰਵੀਨਹੀਂ ਹੁੰਦਾ। ਇਹ ਦੇਖਿਆਜਾਵੇਗਾ ਕਿ ਇਸ ਤਰਾਂ ਦੀ ਮੁਸੀਬਤ ਪੈਣ'ਤੇ ਵੀ ਕਿਸ ਤਰਾਂ ਆਪਣੇ ਬੱਚੇ ਵਧੀਆਤਰੀਕੇ ਨਾਲਪਾਲੇ ਜਾ ਸਕਦੇ ਹਨਅਤੇ ਕਰੋੜਾਂ ਦੇ ਮਾਲਕਬਣਿਆ ਜਾ ਸਕਦਾ ਹੈ?

ਨਿਊਜ਼ੀਲੈਂਡ ਵਿੱਚ ਵੀਤਲਾਕ ਬਹੁਤ ਹੁੰਦੇ ਹਨਪਰ ਇੱਥੇ ਦੇ ਕਲਚਰ ਵਿੱਚ ਇਸ ਨੂੰ ਕੋਈ ਜ਼ਿਆਦਾਮਾੜਾਨਹੀਂਗਿਣਿਆਜਾਂਦਾ।ਦੋਨੋਂ ਧਿਰਾਂ ਆਪੋ-ਆਪਣੀ ਵੱਖਰੀ ਜ਼ਿੰਦਗੀ ਸ਼ੁਰੂ ਕਰਦਿੰਦੀਆਂ ਹਨ। ਬੱਚੇ ਵਾਰੀ-ਵਾਰੀਆਪਣੇ ਮਾਂ-ਪਿਓਕੋਲਆਉਂਦੇ-ਜਾਂਦੇ ਰਹਿੰਦੇ ਹਨ। ਤਲਾਕਸ਼ੁਦਾ ਜੋੜਾਆਪਸ ਵਿੱਚ ਬੋਲਦਾ ਚੱਲਦਾ ਰਹਿੰਦਾ ਹੈ ਭਾਵੇਂ ਕਿ ਉਨਾਂ ਨੇ ਕਿਤੇ ਹੋਰਵਿਆਹਵੀਕਰਾਲਏ ਹੋਣ।

ਗੱਲ ਸੰਨ 2003 ਦੀ ਹੈ ਜਦੋਂ ਮੈਂ ਘਰਖਰੀਦਣਅਤੇ ਵੇਚਣਦਾਕੰਮ ਸਿੱਖਦਾ ਹੁੰਦਾ ਸੀ। ਭਾਵੇਂ ਕਿ ਮੈਂ ਇਸ ਕੰਮਪ੍ਰਤੀਕਾਫੀ ਕੁੱਝ ਸਿੱਖ ਅਤੇ ਜਾਣ ਚੁੱਕਾ ਸੀ ਪਰਫਿਰਵੀਮੇਰੀਕੋਸ਼ਿਸ਼ਰਹਿੰਦੀ ਸੀ ਕਿ ਜਿੰਨੇ ਵੀ ਇਸ ਖੇਤਰ ਦੇ ਤਜ਼ਰਬੇ ਵਾਲੇ ਲੋਕਮਿਲਣ ਉਨਾਂ ਤੋਂ ਸਿੱਖਿਆ ਜਾਵੇ ਅਤੇ ਜ਼ਿਆਦਾ ਤੋਂ ਜ਼ਿਆਦਾਕਿਤਾਬਾਂ ਪੜੀਆਂ ਜਾਣ ਜਾਂ ਸੈਮੀਨਾਰਦੇਖੇ ਜਾਣ।ਦੂਜਿਆਂ ਦੀਆਂ ਗਲਤੀਆਂ ਤੋਂ ਸਿੱਖਿਆ ਜਾਵੇ ਤਾਂ ਕਿ ਆਪਣੀਆਂ ਕੀਤੀਆਂ ਗਲਤੀਆਂ ਮਹਿੰਗੀਆਂ ਨਾਪੈਣ।ਮੇਰੀ ਇਹ ਵੀਕੋਸ਼ਿਸ਼ਰਹਿੰਦੀ ਸੀ ਕਿ ਜੇ ਹੋ ਸਕੇ ਤਾਂ ਜੋ ਮੈਂ ਸਿੱਖਿਆ ਉਹ ਵੀਦੂਜਿਆਂ ਤੱਕ ਪਹੁੰਚਾਇਆ ਜਾਵੇ ਤਾਂ ਕਿ ਉਹ ਵੀ ਇਸ ਦਾਲਾਭ ਉਠਾ ਸਕਣ।

ਮੈਂ ਇੱਕ ਸੈਮੀਨਾਰ ਵਿੱਚ ਗਿਆ ਜੋ ਪੂਰੇ ਦਿਨਦਾ ਸੀ। ਉਸ ਸੈਮੀਨਾਰ ਵਿੱਚ ਮੈਂ ਇਕੱਲਾ ਪੰਜਾਬੀ ਸੀ। ਵੈਸੇ ਵੀ ਇਸ ਤਰਾਂ ਦੇ ਪ੍ਰੋਗਰਾਮਾਂ ਵਿੱਚ ਪੰਜਾਬੀ ਘੱਟ ਹੀ ਆਉਂਦੇ ਹੁੰਦੇ ਸੀ ਪਰਹੈਰਾਨੀਦੀ ਗੱਲ ਸੀ ਕਿ ਸਾਰੇ ਪ੍ਰੋਗਰਾਮਾਂ ਵਿੱਚ ਲੋਕਾਂ ਨੂੰ ਛੱਡਣ ਜਾਂ ਚੁੱਕਣ ਵਾਸਤੇ ਜੋ ਟੈਕਸੀਆਂ ਆਉਂਦੀਆਂ ਸਨ ਉਹ ਕਾਫੀਗਿਣਤੀ ਵਿੱਚ ਪੰਜਾਬੀਡਰਾਈਵਰਾਂ ਦੀਆਂ ਹੀ ਹੁੰਦੀਆਂ ਸੀ। ਮੈਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੁੰਦੀ ਸੀ ਕਿ ਜਿਨਾਂ ਲੋਕਾਂ ਨੂੰ ਪੰਜਾਬੀ ਇੱਥੇ ਟੈਕਸੀ ਵਿੱਚ ਛੱਡ ਕੇ ਗਏ ਸਨ ਉਨਾਂ ਵਿਚੋਂ ਕਿੰਨੇ ਹੀ ਆਉਣ ਵਾਲੇ ਸਮੇਂ ਵਿੱਚ ਕਰੋੜਪਤੀਬਣਜਾਣੇ ਸਨ ਕਿਉਂਕਿ ਉਹ ਸੈਮੀਨਾਰ ਹੀ ਲੋਕਾਂ ਨੂੰ ਕਰੋੜਪਤੀ ਬਣਾਉਣ ਵਾਸਤੇ ਸੀ ਪਰਫਿਰਵੀ ਜੋ ਵਿਅਕਤੀ ਜਿਸ ਚੀਜ਼ ਨੂੰ ਲੱਭਦਾ ਹੈ ਉਸ ਨੂੰ ਉਹੀ ਮਿਲਦੀ ਹੈ।ਟੈਕਸੀਡਰਾਈਵਰਾਂ ਨੂੰ ਸਵਾਰੀਦੀਭਾਲ ਸੀ ਉਨਾਂ ਨੂੰ ਸਵਾਰੀਆਂ ਮਿਲ ਗਈਆਂ ਅਤੇ ਸਵਾਰੀਆਂ ਨੂੰ ਕਰੋੜਾਂ ਡਾਲਰਾਂ ਦੀਭਾਲ ਸੀ।ਉਨਾਂ ਸਵਾਰੀਆਂ ਨੂੰ ਕਰੋੜਾਂ ਡਾਲਰਮਿਲ ਗਏ। ਕੁੱਝ ਇਸ ਤਰਾਂ ਵੀਹੋਣਗੇ ਜਿਨਾਂ ਨੂੰ ਦੋਨੋਂ ਚੀਜ਼ਾਂ ਨਾਮਿਲੀਆਂ ਹੋਣ ਕਿਉਂਕਿ ਉਹ ਫੈਸਲਾ ਹੀ ਨਹੀਂਕਰਪਾਏ ਹੋਣੇ ਕਿ ਉਨਾਂ ਨੂੰ ਕੀ ਚਾਹੀਦਾ ਹੈ?

ਸੈਮੀਨਾਰ ਸ਼ੁਰੂ ਹੋਇਆ। ਸੈਮੀਨਾਰ ਵਿੱਚ ਦੋ ਸੌ ਦੇ ਕਰੀਬਲੋਕਸਨ। ਅਸੀਂ ਛੇ-ਛੇ ਜਣੇ ਇਕੱਲੇ-ਇਕੱਲੇ ਟੇਬਲ ਤੇ ਬੈਠੇ ਸੀ। ਸਾਡੇ ਛੇ ਜਣਿਆਂ ਵਿੱਚੋਂ ਤਿੰਨ ਔਰਤਾਂ ਅਤੇ ਤਿੰਨਬੰਦੇ ਸਨ। ਸ਼ੁਰੂ ਵਿੱਚ ਉਨਾਂ ਨੇ ਸਟੇਜ ਤੋਂ ਕਿਹਾ ਕਿ ਪੰਜਮਿੰਟ ਵਿੱਚ ਤੁਸੀਂ ਆਪਣੇ ਟੇਬਲ ਤੇ ਆਪਣੇ ਬਾਰੇ ਇੱਕ ਦੂਜੇ ਨੂੰ ਜਾਣਕਾਰੀਦਿਓ ਕਿ ਤੁਸੀਂ ਕੌਣ ਹੋ? ਕਿਹੜੇ ਸ਼ਹਿਰ ਤੋਂ ਹੋ? ਕੀ ਪ੍ਰਾਪਤਕਰਨਾ ਚਾਹੁੰਦੇ ਹੋ? ਅਸੀਂ ਇਹ ਜਾਣਕਾਰੀ ਇੱਕ ਦੂਜੇ ਨਾਲ ਸਾਂਝੀ ਕੀਤੀ। ਉਸ ਸਮੇਂ ਮੈਂ ਕਿਸੇ ਹੋਰਕੰਪਨੀ ਵਿੱਚ ਮੈਨੇਜਰ ਸੀ ਅਤੇ ਮੇਰੇ ਕੋਲਆਪਣੇ ਪੰਜਘਰਸਨ ਜੋ ਕਿਰਾਏ 'ਤੇ ਦਿੱਤੇ ਹੋਏ ਸਨ।ਹਾਲਾਂਕਿਪੰਜਘਰਹੋਣਾਮੇਰੇ ਲਈ ਕੋਈ ਵੱਡੀ ਪ੍ਰਾਪਤੀਨਹੀਂ ਸੀ ਪਰਫਿਰਵੀਦੂਜਿਆਂ ਨੂੰ ਮੇਰੀ ਉਮਰ ਦੇ ਹਿਸਾਬਨਾਲਕੀਤੀ ਹੋਈ ਮੇਰੀ ਬਹੁਤ ਵੱਡੀ ਪ੍ਰਾਪਤੀਲਗਦੀ ਸੀ। ਬਾਕੀਮੈਨੂੰਕਹਿਣ ਲੱਗੇ ਕਿ ਅੱਜ ਤੇਰੇ ਤੋਂ ਵੀ ਕੁੱਝ ਸਿੱਖਣ ਨੂੰ ਮਿਲੇਗਾ। ਤੂੰ ਸਾਡੇ ਵਿਚੋਂ ਸਭ ਤੋਂ ਵੱਧ ਤਜ਼ਰਬਾ ਰੱਖਦਾ ਹੈਂ।

ਸਾਡੇ ਟੇਬਲ'ਤੇ ਜੋ ਗੋਰੀ ਔਰਤ ਮੇਰੇ ਨਾਲਬੈਠੀ ਸੀ ਉਸ ਦਾਤਾਜ਼ਾ ਹੀ ਤਲਾਕ ਹੋਇਆ ਸੀ। ਕਿਰਾਏ ਦੇ ਘਰ ਵਿੱਚ ਹੀ ਰਹਿੰਦੀ ਸੀ ਅਤੇ ਦੋ ਬੱਚੇ ਸਨ। ਉਮਰ ਪੱਚੀ ਸਾਲ ਦੇ ਕਰੀਬਹੋਵੇਗੀ। ਤਲਾਕ ਤੋਂ ਬਾਦ ਉਸ ਦੇ ਹਿੱਸੇ ਕੋਈ ਜ਼ਮੀਨਜਾਇਦਾਦ ਜਾਂ ਕੋਈ ਘਰਨਹੀਂ ਆਇਆ ਸੀ ਕਿਉਂਕਿ ਜਦੋਂ ਉਹ ਪਤੀ-ਪਤਨੀ ਇਕੱਠੇ ਰਹਿੰਦੇ ਸਨ ਉਨਾਂ ਕੋਈ ਜਾਇਦਾਦਨਹੀਂਬਣਾਈ ਸੀ। ਉਸ ਔਰਤ ਨੇ ਮੈਨੂੰ ਦੱਸਿਆ ਕਿ ਉਹ ਆਪਣੇ ਬੱਚੇ ਵੀਵਧੀਆਤਰੀਕੇ ਨਾਲਪਾਲਣਾਅਤੇ ਪੜਾਉਣਾ ਚਾਹੁੰਦੀ ਹੈ। ਉਸ ਨੂੰ ਉਨਾਂ ਦੀਪੜਾਈਅਤੇ ਰਹਿਣ-ਸਹਿਣਲਈਵੀਪੈਸੇ ਦੀਲੋੜ ਹੈ ਅਤੇ ਉਸ ਦੇ ਆਪਣੇ ਖਰਚੇ ਲਈਵੀਪੈਸੇ ਦੀਲੋੜ ਹੈ। ਉਸ ਔਰਤ ਦੀ ਇਹ ਵੀਮਜ਼ਬੂਰੀ ਸੀ ਕਿ ਬੱਚੇ ਛੋਟੇ ਹੋਣਕਰਕੇ ਉਹ ਕੰਮਵੀਨਹੀਂਕਰਸਕਦੀ ਸੀ। ਸਰਕਾਰ ਤੋਂ ਉਹ ਕੋਈ ਮੱਦਦ ਵੀਨਹੀਂਲੈਣਾ ਚਾਹੁੰਦੀ ਸੀ। ਉਸ ਦਾਕਹਿਣਾ ਸੀ ਕਿ ਸਰਕਾਰ ਤਾਂ ਬੁਰਕੀ-ਬੁਰਕੀ ਰੋਟੀਪਾਉਂਦੀ ਹੈ ਜਿਸ ਨਾਲਨਾਬੰਦਾ ਰੱਜਦਾ ਹੈ ਅਤੇ ਨਾ ਭੁੱਖਾ ਮਰਦਾ ਹੈ।

ਉਹਔਰਤ ਅੱਜ ਦੇ ਪ੍ਰੋਗਰਾਮਦੀਟਿਕਟਵੀਆਪਣੇ ਕ੍ਰੈਡਿਟਕਾਰਡ ਤੋਂ ਲੈ ਕੇ ਆਈ ਸੀ। ਅਸੀਂ ਸਾਰਾਦਿਨਪ੍ਰੋਗਰਾਮਦੇਖਿਆ।ਪ੍ਰੋਗਰਾਮ ਦੌਰਾਨ ਸਾਨੂੰ ਚਾਹ-ਪਾਣੀਅਤੇ ਦੁਪਹਿਰ ਦੇ ਖਾਣੇ ਵੇਲੇ ਵੱਖ-ਵੱਖ ਲੋਕਾਂ ਨਾਲ ਗੱਲਾਂ ਕਰਨ ਨੂੰ ਵੀਮਿਲੀਆਂ। ਗੱਲਾਂ ਕਰਨ ਤੋਂ ਭਾਵ ਕਿ ਸਭ ਨੇ ਆਪੋ ਆਪਣੀਆਂ ਮੁਸੀਬਤਾਂ, ਗਲਤੀਆਂ ਜਾਂ ਤਰੱਕੀਆਂ ਸਾਂਝੀਆਂ ਕੀਤੀਆਂ ਤਾਂ ਕਿ ਇੱਕ ਦੂਜੇ ਨੂੰ ਸਿੱਖਣ ਨੂੰ ਮਿਲੇ।

ਜਦੋਂ ਤਿੰਨ ਹਿੱਸੇ ਪ੍ਰੋਗਰਾਮਖਤਮ ਹੋ ਗਿਆ ਤਾਂ ਚਾਹ ਦੇ ਵੇਲੇ ਔਰਤ ਮੈਨੂੰਕਹਿਣ ਲੱਗੀ ਕਿ ਮੈਨੂੰ ਚੰਗੀ ਤਰਾਂ ਸਮਝ ਲੱਗ ਗਈ ਹੈ ਕਿ ਅਮੀਰਬਣਨਵਾਸਤੇ ਕਿਸ ਤਰਾਂ ਦੇ ਘਰਖਰੀਦਣਦੀਲੋੜ ਹੈ? ਉਹ ਕਹਿੰਦੀ ਕਿ ਮੇਰੀ ਸਮੱਸਿਆ ਇਹ ਹੈ ਕਿ ਮੇਰੇ ਕੋਲ ਅਜੇ ਕੋਈ ਵੀਪੈਸਾਨਹੀਂ ਹੈ। ਨਾਆਪਣੇ ਬੱਚਿਆਂ ਵਾਸਤੇ ਅਤੇ ਨਾਘਰਖਰੀਦਣਵਾਸਤੇ।ਨਾ ਹੀ ਮੈਨੂੰ ਕਿਸੇ ਬੈਂਕ ਨੇ ਕਰਜ਼ਾਦੇਣਾ ਹੈ ਕਿਉਂਕਿ ਮੇਰੀ ਕੋਈ ਆਮਦਨ ਹੀ ਨਹੀਂ ਹੈ। ਇਕੱਲੀ ਆਮਦਨ ਹੀ ਨਹੀਂਬਲਕਿਬੈਂਕ ਨੇ ਤਾਂ ਕਹਿਣਾ ਕਿ ਤੇਰੇ ਨਿਆਣੇ ਖਾਣਾ-ਪਾਣੀ ਕਿਸ ਤਰਾਂ ਚਲਾਉਣਗੇ? ਉਹ ਕਹਿੰਦੀ ਕਿ ਤੇਰਾਤਜ਼ਰਬਾ ਹੈ ਇਸ ਕੰਮ ਵਿੱਚ ਤੂੰ ਮੈਨੂੰ ਜੇ ਕੋਈ ਰਾਹ ਦੱਸ ਦੇਵੇਂ ਤਾਂ ਮੈਂ ਤੇਰੀ ਬਹੁਤ ਧੰਨਵਾਦੀਹੋਵਾਂਗੀ।

ਮੈਂ ਉਸ ਨੂੰ ਕਿਹਾ ਕਿ ਜਿੰਨੇ ਲੋਕ ਇੱਥੇ ਕਰੋੜਪਤੀਬਣਨ ਆਏ ਹੋਏ ਹਨ ਉਨਾਂ ਵਿਚੋਂ ਜ਼ਿਆਦਾ ਅਜੇ ਜੌਬਾਂ ਹੀ ਕਰਦੇ ਹਨ। ਕਈ ਇਸ ਤਰਾਂ ਦੇ ਹਨ ਕਿ ਉਹ ਜੌਬ ਤੋਂ ਪੈਸੇ ਕਾਫੀਬਣਾਲੈਂਦੇ ਹਨਪਰ ਉਨਾਂ ਕੋਲਘਰ ਲੱਭਣ ਲਈਸਮਾਂ ਨਹੀਂ ਹੈ। ਜੇਕਰ ਤੂੰ ਉਨਾਂ ਵਾਸਤੇ ਵਧੀਆਘਰ ਲੱਭ ਕੇ ਦੇਵੇਂ ਤਾਂ ਉਸ ਬਦਲੇ ਫੀਸਲੈਲਿਆਕਰੀਂ।ਜਿੰਨੇ ਪੈਸੇ ਹੋਰਲੋਕਲੈਂਦੇ ਹਨ ਤੂੰ ਥੋੜੇ ਘੱਟ ਲੈਲਵੀਂ। ਉਸ ਨੂੰ ਮੇਰਾ ਸੁਝਾਅ ਪਸੰਦ ਆਇਆ। ਮੈਂ ਉਸੇ ਵੇਲੇ 12 ਵਿਅਕਤੀਆਂ ਦੇ ਬਿਜਨਸਕਾਰਡ ਉਸ ਨੂੰ ਲੈ ਦਿੱਤੇ, ਆਪਣਾਕਾਰਡ ਦਿੱਤਾ ਅਤੇ ਤਿੰਨਹੋਰਲੋਕਾਂ ਦੇ ਬਿਜਨਸਕਾਰਡ ਉਸ ਨੇ ਲੈਲਏ।ਪ੍ਰੋਗਰਾਮਖਤਮਹੋਣ ਤੱਕ ਉਸ ਕੋਲ 20 ਦੇ ਕਰੀਬਲੋਕਾਂ ਦੀ ਸੂਚੀ ਆ ਗਈ ਜਿਨਾਂ ਨੂੰ ਵਧੀਆਘਰਾਂ ਦੀਲੋੜ ਸੀ। ਪ੍ਰੋਗਰਾਮਖਤਮ ਹੋਇਆ ਤੇ ਉਹ ਮੇਰੀਕਾਰ ਤੱਕ ਮੈਨੂੰ ਛੱਡਣ ਆਈ ਕਹਿੰਦੀ ਕਿ ਤੇਰੀ ਦਿੱਤੀ ਹੋਈ ਸਿੱਖਿਆ ਮੈਂ ਜ਼ਿੰਦਗੀ ਭਰਨਹੀਂ ਭੁਲਾਂਗੀ। ਮੈਂ ਉਸ ਨੂੰ ਕਿਹਾ ਕਿ ਮੈਨੂੰਹੋਰ ਖੁਸ਼ੀ ਤਾਂ ਹੋਵੇਗੀ ਜੇ ਤੂੰ ਮੇਰੀ ਦੱਸੀ ਹੋਈ ਗੱਲ ਤੇ ਕੰਮਕਰਕੇ ਕਰੋੜਾਂ ਦੀਮਾਲਕਬਣਜਾਵੇਂ। ਇਸ ਤੋਂ ਬਾਦ ਅਸੀਂ ਆਪੋ ਆਪਣੇ ਘਰਾਂ ਨੂੰ ਚਲੇ ਗਏ।

ਸਮਾਂ ਬੀਤਦਾ ਗਿਆ। ਇੱਕ ਸਾਲ ਵਿੱਚ ਉਸ ਨੇ ਤਕਰੀਬਨ 12 ਘਰਹੋਰਲੋਕਾਂ ਨੂੰ ਲੱਭ ਕੇ ਦਿੱਤੇ। ਉਨਾਂ ਬਦਲੇ ਉਸ ਨੂੰ ਇੱਕ ਲੱਖ ਡਾਲਰ ਦੇ ਕਰੀਬਦੀਆਮਦਨ ਹੋਈ। ਉਸ ਨੇ ਮੈਨੂੰਫੋਨ'ਤੇ ਦੱਸਿਆ ਕਿ ਹੋਰ ਛੇ ਮਹੀਨੇ ਤੱਕ ਉਹ ਆਪਣਾਘਰਖਰੀਦਣ ਦੇ ਯੋਗ ਹੋ ਜਾਵੇਗੀ। ਉਹ ਆਪਣੇ ਬੱਚਿਆਂ ਕੋਲਘਰ ਹੀ ਰਹਿੰਦੀ ਸੀ ਤੇ ਘਰਾਂ ਦੀਭਾਲਕੰਪਿਊਟਰ ਜਾਂ ਅਖਬਾਰਾਂ ਦੀਵਰਤੋਂ ਨਾਲ ਹੀ ਕਰਦੀ ਸੀ ਅਤੇ ਘਰਾਂ ਦਾ ਸੌਦਾ ਫੈਕਸਮਸ਼ੀਨਦੀਵਰਤੋਂ ਰਾਹੀਂ ਹੁੰਦਾ ਸੀ। ਉਨਾਂ ਦਿਨਾਂ ਵਿੱਚ ਈ-ਮੇਲਦੀਵਰਤੋਂ ਘੱਟ ਸੀ।

ਇਸੇ ਤਰਾਂ ਕਰਦੀ ਉਹ ਅਗਲੇ ਪੰਜਸਾਲਾਂ ਵਿੱਚ ਕਈ ਘਰਾਂ ਦੀਮਾਲਕਬਣ ਗਈ ਜੋ ਕਈ ਕਰੋੜਦੀਕੀਮਤ ਦੇ ਘਰਸਨ। ਉਨਾਂ ਘਰਾਂ ਦਾਕਿਰਾਇਆਵੀਕਾਫੀਬਣਜਾਂਦਾ ਸੀ। ਬੈਂਕਦੀਕਿਸ਼ਤ ਦੇ ਕੇ ਉਸ ਨੂੰ ਕਾਫੀਪੈਸੇ ਬਚਜਾਂਦੇ ਸਨ। ਉਹ 35 ਸਾਲਦੀ ਉਮਰ ਵਿੱਚ ਹੀ ਰਿਟਾਇਰ ਹੋ ਗਈ ਸੀ ਭਾਵ ਉਸ ਨੂੰ ਕਿਸੇ ਦੇ ਕੰਮਕਰਨਦੀਲੋੜਨਹੀਂਰਹਿ ਗਈ ਸੀ ਅਤੇ ਉਸ ਨੂੰ ਕਿਸੇ ਸਰਕਾਰੀ ਮੱਦਦ ਦੀਲੋੜਨਹੀਂ ਸੀ। ਇਸ ਦੇ ਉਲਟ ਉਹ ਸਰਕਾਰ ਨੂੰ ਟੈਕਸਵੀਦਿੰਦੀ ਸੀ।

ਜੋ ਉਸ ਦਾਪਤੀ ਉਸ ਨੂੰ ਛੱਡ ਕੇ ਗਿਆ ਸੀ ਉਹ ਅਜੇ ਵੀਪਹਿਲਾਂ ਵਾਂਗ ਹੀ ਕੰਮਕਰਦਾ ਸੀ ਅਤੇ ਉਸ ਦੀਆਰਥਿਕਤਾ ਵਿੱਚ ਕੋਈ ਸੁਧਾਰ ਨਹੀਂ ਹੋਇਆ ਸੀ।

ਇਸ ਤੋਂ ਇਹ ਪਤਾਲਗਦਾ ਹੈ ਕਿ ਮੁਸੀਬਤ ਵੇਲੇ ਡਟ ਕੇ ਉਸ ਦਾ ਮੁਕਾਬਲਾ ਕਰਨਾਚਾਹੀਦਾ ਹੈ। ਮਾੜਿਆਂ ਹਲਾਤਾਂ ਵਿਚੋਂ ਵੀ ਚੰਗੀਆਂ ਚੀਜ਼ਾਂ ਦੀਭਾਲਜਾਰੀ ਰੱਖਣੀ ਚਾਹੀਦੀ ਹੈ। ਮਾੜੇ ਹਲਾਤਾਂ ਵਿੱਚ ਵੀਆਪਣੇ ਸੁਪਨੇ ਛੋਟੇ ਨਹੀਂਕਰਨੇ ਚਾਹੀਦੇ। ਇਹ ਵੀਪਤਾਲਗਦਾ ਹੈ ਕਿ ਕਿਸ ਤਰਾਂ ਪੈਸੇ ਨਾਹੋਣਅਤੇ ਜੌਬ ਨਾਹੋਣ ਦੇ ਬਾਵਜੂਦਵੀਦੂਜਿਆਂ ਦੇ ਮੁਕਾਬਲੇ ਵੱਧ ਪੈਸਾਕਮਾਇਆ ਜਾ ਸਕਦਾ ਹੈ।

ਅੱਜ ਲੋਕਛੋਟੀਆਂ-ਛੋਟੀਆਂ ਸਮੱਸਿਆਵਾਂ ਹੋਣ'ਤੇ ਆਤਮ-ਹੱਤਿਆ ਕਰਨਦਾਰਾਹ ਚੁਣ ਲੈਂਦੇ ਹਨ ਜੋ ਕਿ ਬਹੁਤ ਦੁੱਖ ਦੀ ਗੱਲ ਹੈ। ਅਸੀਂ ਸੰਘਰਸ਼ਸ਼ੀਲਪਰਿਵਾਰਾਂ ਵਿਚੋਂ ਆਏ ਹਾਂ ਅਤੇ ਸਾਨੂੰਹਰਹਾਲਤ ਵਿੱਚ ਸੰਘਰਸ਼ਦਾਰਾਹਨਹੀਂ ਛੱਡਣਾ ਚਾਹੀਦਾ।ਹਿੰਮਤਨਹੀਂਹਾਰਨੀਚਾਹੀਦੀ । ਉਪਰੋਕਤ ਔਰਤ ਦੀਹਿੰਮਤਅਤੇ ਕਾਮਯਾਬੀਬਾਬਾਨਾਜ਼ਮੀਦੀਆਂ ਹੇਠਲਿਖੀਆਂ ਸਤਰਾਂ ਯਾਦਕਰਾਉਂਦੀਹੈ:-

ਬੇ ਹਿੰਮਤੇ ਨੇ ਉਹ
ਜੋ ਸ਼ਿਕਵਾਕਰਨ ਮੁਕੱਦਰਾਂ ਦਾ
ਉੱਗਣ ਵਾਲੇ ਉੱਗ ਪੈਂਦੇ ਨੇ
ਸੀਨਾਂ ਪਾੜ ਕੇ ਪੱਥਰਾਂ ਦਾ

**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
006421392147



ਵਿਸ਼ਾ ਵਸਤੂ ਬਾਰੇ ਸੰਖੇਪ ਜਾਨਕਾਰੀ:--

# ਕਲਯੁੱਗ ਦੀ ਇੱਕ ਝਲਕ

ਉਂਝ ਤਾਂ ਜ਼ਮਾਨੇ ਦੇ ਬਦਲਦੇ ਦੌਰ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ,ਜਿਸ ਵਿੱਚ ਸਾਇੰਸ ਤੇ ਤਕਨਾਲੋਜੀ ਸ਼ੀਰਸ਼ ਸਥਾਨ ਤੇ ਹਨ ,ਜਿੰਨਾ ਨੇ ਮਨੁੱਖੀ ਜੀਵਨ ਆਸਾਨ ਤੇ ਸੁਖਾਂ ਨਾਲ ਭਰ ਦਿੱਤਾ ਹੈ।

ਹੁਣ ਉਨਾਂ ਇਨਸਾਨੀਅਤ ਦੇ ਚਿਹਰੇ ਤੇ ਉਭਰੇ ਧੱਬਿਆਂ ਦਾ ਜ਼ਿਕਰ ਕਰਦੇ ਹਾਂ,ਜਿਹੜੇ ਇਸੇ ਖੁਸ਼ਗਵਾਰ ਜ਼ਮਾਨੇ ਦੇ ਬਦਲਦੇ ਨਿਜ਼ਾਮ ਦੇ ਹਾਣੀ ਹਨ। ਝੂਠ, ਧੋਖਾ, ਫਰੇਬ,ਜ਼ੁਲਮ,ਕਤਲ,ਔਰਤ ਦੀ ਅਸਮਤ ਨੂੰ ਤਾਰ ਤਾਰ ਕਰਨਾ , ਔਰਤ ਦੇ ਜਜ਼ਬਾਤਾਂ ਨਾਲ ਖੇਡਕੇ ,ਖਿਲੌਨੇ ਦੀ ਤਰਾਂ ਸੁੱਟ ਦੇਣਾ, ਔਰਤਾਂ ਦਾ ਬਾਜ਼ਾਰੀਕਰਨ/ ਵੇਸ਼ਵਾਵਰਿਤੀ ,ਗਾਵਾਂ ਮੱਝਾਂ ਵਾਂਗ ਵਪਾਰ,ਕਤਲ,ਪੀੜੀ ਦਰ ਪੀੜੀ ਦੁਸ਼ਮਣੀਆਂ ਤੇ ਪੂਰੇ ਪੂਰੇ ਪਰਿਵਾਰਾਂ ਦੇ ਕਤਲ , ਧੋਖਾਧੜੀਆਂ ਭਰਾ ਭਰਾ ਤੋਂ ਜਾਇਦਾਦ ਖੋਹ ਲੈਣੀ ਤੇ ਹੋਰ ਬਹੁਤ ਸਾਰੀਆਂ ਬੇਨਿਯਮੀਆਂ ਇਸ ਸਮਾਜ ਵਿੱਚ ਮੁੱਢ ਕਦੀਮ ਤੋਂ ਹੀ ਪ੍ਰਚਲਿਤ ਸਨ। ਬਿਨਾਂ ਸ਼ੱਕ ਇਹ ਸਾਰਾ ਕੁਝ ਆਦਮ ਤੇ ਹੱਵਾ ਦੇ ਜ਼ਮਾਨੇ ਤੋਂ ਚਲਦਾ ਆ ਰਿਹਾ ਹੈ ,ਇਸਦਾ ਫੈਲਾਅ ਇੱਕ ਅਜਿਹੇ ਗਲਾਸ ਵਾਂਗ ਬਦਲਿਆ ਹੈ,ਜਿਹੜਾ ਹੇਠੋਂ ਉਂਗਲ ਦੀ ਮੋਟਾਈ ਜਿੰਨਾ ਸੀ ਤੇ ਜਿਉਂ ਜਿਉਂ ਉਪਰ ਨੂੰ ਵੱਧਦਾ ਗਿਆ ਖੁਲ੍ਹੇ ਤੋਂ ਖੁਲਾ ਹੁੰਦਾ ਗਿਆ । ਇਨਾਂ ਨਿਜਾਮਾਂ ਦੇ ਬਦਲਣ ਦੇ ਨਾਲ ਨਾਲ, ਹੋਰ ਵੀ ਬਹੁਤ ਕੁਝ ਬਦਲਿਆ ਹੈ।

ਮਾਫ ਕਰਨਾ ਭਾਵੇਂ ਮੈਂ ਖੁਦ ਇਕ ਇਸਤ੍ਰੀ ਹਾਂ , ਪਰ ਸਚਾਈ ਇਹ ਹੈ ਕਿ ਇਸਤਰੀ ਜਾਤੀ ਤੋਂ ਲੋਕਾਂ ਦਾ ਇਤਬਾਰ ਉਠਦਾ ਜਾ ਰਿਹਾ ਹੈ। ਇਸਦਾ ਵੱਡਾ ਕਾਰਣ ਔਰਤ ਦਾ ਥੋਥਾ ਹੰਕਾਰ , ਜਿਸ ਕਾਰਨ ਉਹ ਆਪਣੇ ਮਰਦ ਸਾਥੀ ਉਤੇ ਬੇਲੋੜਾ, ਬੱਚੇ ਜੰਮਣ ਦੀ ਕਾਬਲੀਅਤ (ਜੋ ਕਿ ਕੁਦਰਤ ਦੀ ਉਸਨੂੰ ਨਵਾਜ਼ਿਸ਼ ਹੈ) ਦਾ , ਨੌਕਰੀ ਤੇ ਘਰ ਦੇ ਕੰਮਾਂ ਵਿੱਚ ਸਾਥ ਦੇਣ ਦਾ ਰੋਹਬ ਮਾਰਦੀ ਹੈ। ਨਤੀਜੇ ਵਜੋਂ ਘਰ ਵਿਚਲਾ ਪ੍ਰੇਮ ਤੇ ਨਿੱਘਾ ਵਾਤਾਵਰਣ ਖੰਭ ਲਾਕੇ ਉਡ ਗਏ ਹਨ ,ਤੇ ਉਸ ਥਾਂ ਤੇ ਇਕ ਖੋਖਲਾ,ਨੀਰਸ ਤੇ ਪ੍ਰੋਫੈਸ਼ਨਲ ਜਿਹਾ ਮਾਹੌਲ ਬਣ ਚੁਕਿਆ ਹੈ। ਇਥੋਂ ਤੱਕ ਕਿ ਬਹੁਤੇ ਮਰਦ ਤਾਂ ਵਿਚਾਰੇ ਸੈਕਰੀਫਾਇਜ ਹੀ ਕਰਦੇ ਹਨ । ਇਨਾਂ ਹੀ ਨਹੀਂ, ਉਸਦਾ ਪਰਿਵਾਰ ਵੀ ਆਟੇ ਨਾਲ ਘੁਣ ਦੀ ਤਰ੍ਹਾਂ ਪੀਸਿਆ ਜਾ ਰਿਹਾ ਹੈ। ਇਨਾਂ ਹਾਲਾਤਾਂ ਨੂੰ ਪੈਦਾ ਕਰਨ ਵਿੱਚ ਸਾਡੇ ਸਿਸਟਮ ਦੁਆਰਾ ਬਣਾਏ ਕੱਚੇ ਪਿੱਲੇ ਉਹ ਕਨੂੰਨ ਵੀ ਸ਼ਾਮਿਲ ਹਨ ਜਿਨਾਂ ਨੇ ਇਸਤ੍ਰੀ ਵਰਗ ਨੂੰ ਬੇਲਗਾਮ ਕਰ ਦਿੱਤਾ ਹੈ । ਹੁਣ ਉਹ ਇੰਨਾ ਕਨੂੰਨਾਂ ਨੂੰ ਆਪਣੇ ਹੱਕਾਂ ਲਈ ਵਰਤਣ ਦੀ ਥਾਂ ਦੁਰਵਰਤੋਂ ਜ਼ਿਆਦਾ ਕਰ ਰਹੀ ਹੈ। ਇਕ ਗੱਲ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਸਾਰੀਆਂ ਔਰਤਾਂ ਇੱਕੋ ਜਿਹੀਆਂ ਨਹੀਂ ਹਨ, ਬਹੁਤੀਆਂ ਨੇ ਆਪਣੇ ਘਰਾਂ ਨੂੰ ਸਵਰਗ ਵੀ ਬਣਾ ਰੱਖਿਆ ਹੈ। ਮੈਂ ਸਿਰਫ ਚੁਨਿੰਦਾ ਸਾਰੇ ਤਾਲਾਬ ਨੂੰ ਗੰਧਲਾ ਕਰਨ ਵਾਲੀਆਂ ਮੱਛੀਆਂ ਦੀ ਗੱਲ ਕਰ ਰਹੀ ਹਾਂ ।

ਨਿਸੰਗ ਹੁਨਰ :--

ਕੁਝ ਕੁ ਦਹਾਕੇ,ਪਿਛਲੇਰੀ ਝਾਤ ਮਾਰੀਏ ਤਾਂ ਲੱਗਭਗ ਹਰ ਪਰਿਵਾਰ ਵਿੱਚ ਆਪਣੀਆਂ ਧੀਆਂ ਨੂੰ ਕੋਈ ਨਾ ਕੋਈ ਹੁਨਰ ਸਿਖਾਇਆ ਜਾਂਦਾ ਸੀ ਤਾਂ ਜ ਉਹ ਸਹੁਰੇ ਘਰ ਜਾਕੇ ਆਮ ਕੰਮ ਕਾਜ ਲਈ ਕਿਸੇ ਦਾ ਮੂੰਹ ਨਾ ਤੱਕੇ ਤੇ ਸਹੁਰੇ ਪਰਿਵਾਰ ਨੂੰ ਵੀ ਸੁਖ ਦੇਵੇ । ਇਸ ਵਿੱਚ ਖਾਣਾ ਬਨਾਉਣਾ,ਸਫ਼ਾਈ ਕਰਨੀ, ਗੋਹੇ ਨਾਲ ਵਿਹੜਾ ਲਿੱਪਣਾ,ਸਿਲਾਈ ਕਢਾਈ ਕਰਨੀ,ਸਵੈਟਰ ਬੁਣਨੇ ,ਮੰਜੀਆਂ ਬੁਣਨੀਆ , ਰਜਾਈਆਂ ਨੂੰ ਲਗੰਦੇ ਪਾਉਣੇ ,ਘਰ ਲਈ ਪਲਾਸਟਿਕ ਦੀਆਂ ਤਾਰਾਂ ਦੇ ਗੁਲਦਸਤੇ ਤੇ ਹੋਰ ਕਈ ਸਾਜ਼ੋ ਸਾਮਾਨ ਬਣਾਕੇ ਕੇਵਲ ਆਪਣਾ ਘਰ ਹੀ ਨਹੀਂ ਸਜਾਉਣਾ, ਸਗੋਂ ਇਨਾਂ ਨੂੰ ਵੇਚ ਕੇ ਪੈਸੇ ਕਮਾਉਣ ਦੇ ਨਾਲ ਨਾਲ ਅੱਧੇ ਤੋਂ ਵੱਧ ਆਪਣਾ ਦਾਜ ਆਪ ਤਿਆਰ ਕਰਨਾ।

ਪਰ ਅਜੋਕੀ ਪੀੜੀ ਦੀਆਂ ਬਹੁਤ ਸਾਰੀਆਂ ਲੜਕੀਆਂ ਨੇ ਵੀ ਕਈ ਤਰਾਂ ਦੇ ਹੁਨਰ ਅਪਨਾਏ ਹਨ ਜਿਨਾਂ ਵਿੱਚ ਝੂਠ ਬੋਲਕੇ ਦੂਸਰੇ ਨੂੰ ਭਰਮਾਉਣਾ ,(ਜੋ ਕਿ ਆਮਤੌਰ ਤੇ ਸਹੁਰੇ ਪਰਿਵਾਰ ਕੋਲੋਂ ਧਨ ਤੇ ਜਾਇਦਾਦ ਲੈਣ ਲਈ ਵਰਤਿਆ ਜਾਂਦਾ ਹੈ) ਜ਼ਿਕਰਯੋਗ ਹੈ ਕਿ ਇਸ ਬਿਜਨੈਸ ਵਿੱਚ ਇਨਾਂ ਦਾ ਪੇਕਾ ਪਰਿਵਾਰ ਵੀ ਪੂਰੀ ਤਰਾਂ ਸਾਥ ਦਿੰਦਾ ਹੈ,ਫਿਰ ਭਾਵੇਂ ਲੜਕੀ ਦੇ ਜਿੰਨੇ ਮਰਜ਼ੀ ਵਿਆਹ ਟੁੱਟੀ ਜਾਣ, ਕੋਈ ਪ੍ਰਵਾਹ ਨਹੀਂ। ਮਕਸਦ ਤਾਂ ਪੈਸਾ ਕਮਾਉਣਾ ਹੈ,ਉਹ ਪੂਰਾ ਹੋਈ ਜਾਂਦਾ ਹੈ।

ਅਜਿਹੀਆਂ ਤ੍ਰੀਆ ਚਰਿਤ੍ਰ ਵਾਲੀਆਂ ਕੋਲ ਸਿਰਫ ਇਕ ਹੀ ਹੁਨਰ ਨਹੀਂ ਹੁੰਦਾ, ਸਗੋਂ ਇਹ ਆਪਣੇ ਸਹੁਰੇ ਪਰਿਵਾਰ ਨੂੰ ਭੰਡਣ ਦੀ ਵੀ ਪੂਰੀ ਡਿਗਰੀ ਚੁੱਕੀ ਫਿਰਦੀਆਂ ਹਨ, ਇਨਾਂ ਨੂੰ ਪੂਰੀ ਟ੍ਰੇਨਿੰਗ ਹੁੰਦੀ ਹੈ ਕਿ ਸਹੁਰਿਆਂ ਦੇ ਰਿਸ਼ਤੇ ਕਿਵੇ ਖਰਾਬ ਕਰਨੇ ਹਨ, ਰੋਣ ਵਿੱਚ ਤਾਂ ਮਗਰਮੱਛ ਵੀ ਇਨਾਂ ਤੋਂ ਕਿਤੇ ਪਿੱਛੇ ਰਹਿ ਚੁੱਕਿਆ ਹੈ । ਜਿਵੇਂ ਕਿ ਮੈਂ ਪਹਿਲਾਂ ਵੀ ਲਿਖਿਆ ਹੈ ਕਿ ਅਜਿਹੀਆਂ ਨੇ ਆਪਣੇ ਸਹੁਰੇ ਪਰਿਵਾਰ ਖਿਲਾਫ ਰਿਸ਼ਤੇਦਾਰਾਂ ਤੇ ਹੋਰ ਸੰਬੰਧਿਤ ਕੰਮਕਾਜ ਵਾਲੇ ਜਾਂ ਦੋਸਤਾਂ ਮਿੱਤਰਾਂ ਨੂੰ ਭੜਕਾਉਣ ਵਿੱਚ ਪੀ ਐਚ ਡੀ ਕੀਤੀ ਹੁੰਦੀ ਹੈ , ਜਾਂ ਇੰਜ ਕਹਿ ਲਓ ਇਨ੍ਹਾਂ ਦੇ ਚੱਟੇ ਰੁੱਖ ਦੁਬਾਰਾ ਹਰੇ ਨਹੀਂ ਹੁੰਦੇ। ਲਾਲਚ ਦਾ ਇਹ ਹਾਲ ਹੁੰਦਾ ਹੈ ਕਿ ਬੱਚਿਆਂ ਦੀ ਜ਼ਿੰਦਗੀ ਭਾਵੇਂ ਭਾੜ ਵਿੱਚ ਜਾਵੇ , ਤਲਾਕ ਦੇ ਨਾਲ ਨਾਲ, ਪਤੀ ਤੋਂ ਵੱਡੀ ਰਕਮ ਤੇ ਜਾਇਦਾਦ ਵੰਡਾਉਣ ਦਾ ਲਾਲਚੀ ਸੁਭਾਅ, ਅਜਿਹੀਆਂ ਨੂੰ ਪੇਕਿਆਂ ਤੋਂ ਵਿਰਾਸਤ ਵਿੱਚ ਮਿਲਿਆ ਹੁੰਦਾ ਹੈ। ਇਸ ਕਿੱਤੇ ਨੂੰ ਇਹ ਰਲ ਮਿਲਕੇ ਚਲਾਉਂਦੇ ਤੇ ਹੰਢਾਉਂਦੇ ਹਨ।

ਇਕ ਗੱਲ,ਜਿਸਦਾ ਸੰਖੇਪ ਜ਼ਿਕਰ ਮੈਂ ਪਹਿਲਾਂ ਵੀ ਕਰ ਚੁੱਕੀ ਹਾਂ,ਉਹ ਹੈ, ਸਾਹੁਰਿਆਂ ਦੀ ਰਿਸਤੇਦਾਰੀ ਤੁੜਵਾਉਣੀ । ਅਜਿਹੀਆਂ ਤੇਰਾਂ ਤਾਲੀਆਂ,ਪੁੱਠੀਆਂ ਸਿੱਧੀਆਂ ਗੱਲਾਂ ਨਾਲ ( ਜਿਹੜੀਆਂ ਪੇਕਿਆਂ ਤੋਂ ਸਿੱਖੀ ਕਲਾ ਨਾਲ ਲਿਆਈਆਂ ਹੁੰਦੀਆਂ ਹਨ ) ਸਬੰਧਾਂ ਵਿੱਚ ਤਰੇੜ ਪਾਕੇ ਤਸੱਲੀ ਮਹਿਸੂਸ ਕਰਦੀਆਂ ਹਨ, ਫਿਰ ਭਾਵੇਂ ਭਾਰਤ ਜਾਂ ਦੁਨੀਆਂ ਦਾ ਕੋਈ ਵੀ ਕੋਨਾ ਹੋਵੇ। ਇਥੇ ਮੈਂ ਉਨਾਂ ਸਿਆਣੇ ਬਿਆਨੇ ਮੂਰਖ ਰਿਸ਼ਤੇਦਾਰਾਂ ਨੂੰ ਵੀ ਆਗਾਹ ਕਰਨਾ ਚਾਹਾਂਗੀ ਕਿ, ਜੇ ਆਪਜੀ ਦਾ ਉਪਰਲਾ ਹਿੱਸਾ ਔਸਤ ਕੰਮ ਕਰਦਾ ਹੈ ਤਾਂ ਉਸ ਨੂੰ ਵਰਤ ਵੀ ਲੈਣਾ ਚਾਹੀਦਾ ਹੈ,ਕਿ ਅਸੀਂ ਆਪਣੇ ਰਿਸ਼ਤੇਦਾਰ ਨੂੰ ਕਿੰਨੀ ਦੇਰ ਤੋਂ ਜਾਣਦੇ ਹਾਂ ਤੇ ਇਸ ਨਵੀਂ ਆਈ ਨੂੰ ਕਿੰਨਾ ਕੁ ਅਜ਼ਮਾ ਚੁੱਕੇ ਹਾਂ। ਇਸਦੇ ਬਾਰੇ ਸਾਨੂੰ ਕਿੰਨੀ ਕੁ ਜਾਨਕਾਰੀ ਹੈ, ਇਹ ਸਾਡੇ ਰਿਸ਼ਤੇਦਾਰਰਾਂ ਅਨੁਸਾਰ ਕਿਹੋ ਜਿਹੇ ਸੁਭਾਅ ਤੇ ਚਰਿੱਤਰ ਦੀ ਮਾਲਿਕ ਹੈ ,ਝੂਠ ਕਿਸ ਸਤਰ ਦਾ ਬੋਲਕੇ ਭਰਮਾਉਣ ਵਿੱਚ ਕਿੰਨੀ ਕੁ ਮਾਹਿਰ ਹੈ ਤੇ ਜੇ ਉਸਦੀਆਂ ਕਹੀਆਂ ਗੱਲਾਂ ਸਹਿਜ ਮਤੇ ਨਾਲ ਆਪਣੇ ਸੰਬੰਧੀ ਨਾਲ ਸਾਂਝੀਆਂ ਕਰਨ ਤੋਂ ਬਾਅਦ ਕੋਈ ਫੈਸਲਾ ਲਿਆ ਜਾਵੇ ਤਾਂ ਸਾਰੀ ਤਸਵੀਰ ਸਾਫ ਹੋਵੇਗੀ, ਸੰਬੰਧ ਸੁਖਾਵੇਂ ਬਣੇ ਰਹਿਣਗੇ।

ਆਖਿਰ ਵਿੱਚ ਸਭ ਤੋਂ ਅਹਿਮ ਗੱਲ (ਅਜਿਹੀਆਂ ਪੈਸੇ ਦੀਆਂ ਪੁਜਾਰਨਾਂ ਲਈ) ਜੇ ਧਨ ਦੌਲਤ ਦੀ ਇੰਨੀ ਹੀ ਤਲਬ ਹੋਵੇ,ਜਿਸ ਵਿੱਚ ਰਿਸ਼ਤੇ ਤੇ ਮਾਸੂਮ ਬੱਚਿਆਂ ਦੀ ਜ਼ਿੰਦਗੀ ਬੇਮਾਨੀ ਹੋਵੇ ਤਾਂ ਕੀ ਹੋਰ ਬਿਜਨੈਸ ਨਹੀਂ ਕੀਤੇ ਜਾ ਸਕਦੇ? ਅੱਜਕਲ੍ਹ,ਅਜਿਹੇ ਬਹੁਤ ਸਾਰੇ ਆਸਾਨ ਤੇ ਘਰ ਬੈਠਿਆਂ ਆਨਲਾਈਨ ਇੱਕ ਨੰਬਰ ਵਿੱਚ ਢੇਰਾਂ ਪੈਸਾ ਕਮਾਇਆ ਜਾ ਸਕਦਾ ਹੈ। ਨਾਲੇ ਇੰਨੀ ਗਲਤ ਤਰੀਕੇ ਦੀ ਮੁਸ਼ੱਕਤ ਕਰਨ ਦੀ ਵੀ ਲੋੜ ਨਹੀਂ ਹੋਵੇਗੀ ਤੇ ਬੇਕਸੂਰਾਂ ਦੀਆਂ ਆਹਾਂ ਤੋਂ ਵੀ ਬਚ ਜਾਓਗੇ।

**ਨਰੇਸ਼ ਕੁਮਾਰੀ ਸ਼ਰਮਾ**
+02041755894



Mehak E wattan
Monthly Newspaper
•Issue-9 • September 2024
•mehakewattan@gmail.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

-------------------------

(ਪਿਛਲੇ ਅੰਕ ਤੋਂ ਅੱਗੇ)

ਗੁਰੂ ਨਾ ਕਰੇ ਜੇ ਕਿਤੇ ਜ਼ਰਾ ਪਿੱਛੇ ਹਟੇ ਤਾਂ ਸੈਂਕੜੇ ਸਾਲਾਂ ਦੀਆਂ ਘਾਲਾਂ ਪੁਰ ਇਕਦਮ ਪਾਣੀ ਵਿੱਚ ਫਿਰ ਜਾਏਗਾ। ਖ਼ਾਲਸੇ ਲਈ ਯੁੱਧ ਵਿੱਚ ਮਰਨਾ ਤੇ ਵਿਸ਼ੇਸ਼ ਕਰਕੇ ਕੌਮ ਅਤੇ ਦੇਸ਼ ਦੀ ਖ਼ਾਤਰ ਮਰਨਾ, ਇਸ ਤੋਂ ਸ਼ੁਭ ਹੋਰ ਕੀ ਹੋ ਸਕਦਾ ਹੈ?[1] ਮੈਂ ਦੇਖਦਾ ਹਾਂ ਕਿ ਆਪ ਦੀਆਂ ਰਗਾਂ ਵਿੱਚ ਸ੍ਰੀ ਕਲਗੀਧਰ ਜੀ ਦੇ ਪਾਵਨ ਅੰਮ੍ਰਿਤ ਦਾ ਜੋਸ਼ ਗੇੜੇ ਲਾ ਰਿਹਾ ਹੈ, ਆਓ! ਅਸੀਂ ਡੱਟਕੇ ਹੱਲਾ ਕਰੀਏ ਤੇ ਦੁਸ਼ਮਨਾਂ ਨੂੰ ਕੁਚਲਦੇ ਹੋਏ ਸਾਰੇ ਸਰਹੱਦੀਆਂ ਦਿਆਂ ਸੀਨਿਆਂ ਵਿਚ ਖ਼ਾਲਸੇ ਦੀ ਧਾਕ ਬੈਠਾ ਕੇ ਆਪਣਾ ਉਦੇਸ਼ ਪੂਰਾ ਕਰੀਏ। ਬਹਾਦਰ ਖ਼ਾਲਸਾ ਜੀ। ਉੱਤਰ ਪਵੋ ਘੋੜਿਆਂ ਤੋਂ! ਧੂ ਲਵੋ ਤਿੱਖੀਆਂ ਤਲਵਾਰਾਂ! ਤੇ ਇਨ੍ਹਾਂ ਨੂੰ ਜਾ ਪਾਵੋ ਵੈਰੀਆਂ ਦੇ ਲਹੂ ਵਿਚ!"

ਅਕਾਲੀ ਫੂਲਾ ਸਿੰਘ ਦਾ ਇਹ ਛੋਟਾ ਜਿਹਾ ਵਖਿਆਨ ਸੀ ਯਾ ਬਿਜਲੀ ਦਾ ਧੱਕਾ, ਜਿਸ ਨੇ ਟਿਕੇ ਹੋਏ ਦਿਲਾਂ ਵਿੱਚ ਇਕਾ-ਇਕ ਜਾਨ ਫੂਕ ਦਿੱਤੀ ਤੇ ਉਹ ਜੋਸ਼ ਭਰਿਆ ਕਿ ਇੱਕੋ ਵਾਰੀ ਸਾਰੇ ਘੋੜ ਚੜ੍ਹੇ ਅਕਾਲੀ ਘੋੜਿਆਂ ਤੋਂ ਉੱਤਰ ਪਏ[2] ਅਤੇ ਘੋੜਿਆਂ ਨੂੰ ਖੁੱਲ੍ਹਾ ਛੱਡ ਦਿੱਤਾ[3] ਤੇ ਗੱਚ ਖਾ ਕੇ ਗ਼ਾਜ਼ੀਆਂ 'ਤੇ ਟੁੱਟ ਪਏ, ਬੱਸ ਫੇਰ ਕੀ ਸੀ? ਉਹ ਬਰਕ ਦੀ ਤਰ੍ਹਾਂ ਦੁਸ਼ਮਨ ਦੀਆਂ ਸਫਾਂ ਨੂੰ ਚੀਰਦੇ ਹੋਏ ਬੇਸ਼ੁਮਾਰ ਗ਼ਾਜ਼ੀਆ ਦੇ ਲਸ਼ਕਰ ਵਿੱਚ ਜਾ ਵੜੇ, ਅਤੇ ਵੈਰੀਆਂ ਨਾਲ ਗੁੱਥਮਗੁੱਥਾ ਹੋ ਕੇ ਖਟਾਖਟ ਤਲਵਾਰ ਚਲਾਂਦੇ ਹੋਏ ਉਹ ਹੱਥ ਪਲੱਥੇ ਦੇ ਹੱਥ ਦੱਸੇ, ਜਿਨ੍ਹਾਂ ਦਾ ਗਾਜ਼ੀਆਂ ਨੂੰ ਕਦੀ ਖ਼ਿਆਲ ਤੱਕ ਨਹੀਂ ਸੀ ਗੁਜ਼ਰਿਆ। ਹੁਣ ਮੈਦਾਨ ਵਿੱਚ ਡਾਢਾ ਘਮਸਾਣ ਮਚਿਆ, ਆਪਣੇ ਪਰਾਏ ਦੀ ਕੋਈ ਸੁਧ ਨਾ ਸੀ ਰਹੀ। ਬੱਸ ਤਲਵਾਰ ਸੀ ਤੇ ਦੁਸ਼ਮਣ ਦਾ ਸਿਰ, ਇੱਧਰੋਂ 'ਅਕਾਲ' 'ਅਕਾਲ' ਤੇ ਉੱਧਰੋਂ 'ਅੱਲਾ ਹੂ ਅਕਬਰ 'ਦੇ ਨਾਹਰਿਆਂ ਨਾਲ ਐਸਾ ਅਸਮਾਨ ਗੂੰਜ ਉੱਠਿਆ ਕਿ ਕੰਨ ਪਈ ਅਵਾਜ਼ ਨਹੀਂ ਸੁਣਾਈ ਦੇਂਦੀ। ਅਕਾਲੀ ਜੀ ਨੂੰ ਇਸ ਹਾਲ ਦੇਖ ਕੇ ਸ਼ਾਹਜ਼ਾਦਾ ਖੜਗ ਸਿੰਘ ਨੇ ਆਪਣਾ ਦਸਤਾ ਮੁੜ ਅੱਗੇ ਵਧਾਕੇ ਗ਼ਾਜ਼ੀਆ 'ਤੇ ਹੱਲਾ ਕੀਤਾ। ਦੂਜੇ ਪਾਸੇ ਤੋਂ ਜਨਰਲ ਇਲਾਰਡ ਦਾ ਰਸਾਲਾ ਵੀ ਹੁਣ ਬਹੁਤ ਨੇੜੇ ਆ ਗਿਆ ਸੀ। ਇੰਨੇ ਨੂੰ ਜਨਰਲ ਵੈਨਤੂਰਾ ਸਣੇ ਤੋਪਖ਼ਾਨੇ ਦੇ ਪਹੁੰਚ ਗਿਆ, ਜਿਸ ਨੂੰ ਮਹਾਰਾਜਾ ਨੇ ਹੁਕਮ ਦਿੱਤਾ ਕਿ ਉਹ ਉਸੇ ਵਕਤ ਸਿੱਧਾ ਖੇਸ਼ਗੀ ਪਹੁੰਚ ਕੇ ਮੁਹੰਮਦ ਅਜ਼ੀਮ ਖ਼ਾਨ ਦੀ ਅਫ਼ਗਾਨੀ ਫ਼ੌਜ ਨੂੰ, ਜੋ ਗ਼ਾਜ਼ੀਆਂ ਨਾਲ ਹੁਣ ਮਿਲਣ ਵਾਲੀ ਹੀ ਸੀ, ਉੱਥੇ ਹੀ ਰੋਕ ਦੇਵੇ। ਇੱਧਰ ਮਹਾਰਾਜੇ ਨੇ ਆਪਣੇ ਗੋਰਖਿਆਂ ਦੀ ਪਲਟਨ ਨੂੰ, ਜੋ ਬਲਬਹਾਦਰ ਸਿੰਘ ਗੋਰਖੇ ਦੀ ਸਰਦਾਰੀ ਹੇਠ ਸੀ, ਗ਼ਾਜ਼ੀਆਂ 'ਤੇ ਪਹਾੜੀ ਦੇ ਪਿਛਲੇ ਪਾਸੇ ਤੋਂ ਹੱਲਾ ਕਰਕੇ ਖਿੰਡਾ ਦੇਣ ਦਾ ਹੁਕਮ ਦਿੱਤਾ। ਮਹਾਰਾਜਾ ਸਾਹਿਬ ਖ਼ੁਦ ਹੁਣ ਜੰਗ ਦੇ ਰੰਗ ਨੂੰ ਡਾਢੀ ਬਾਰੀਕੀ ਦੀ ਨਿਗਾਹ ਨਾਲ ਤੋਲ ਰਹੇ ਸਨ ਤੇ ਜਿੱਧਰ ਜ਼ਰੂਰਤ ਸਮਝਦੇ, ਉੱਧਰ ਖ਼ੁਦ ਪਹੁੰਚਦੇ ਤੇ ਤਾਜ਼ਾ ਦਮ ਫ਼ੌਜ਼ੀ ਮੱਦਦ ਪਹੁੰਚਾਂਦੇ।



### ਅਕਾਲੀ ਫੂਲਾ ਸਿੰਘ ਦੀ ਸ਼ਹੀਦੀ

ਅਸੀਂ ਉੱਪਰ ਦੱਸ ਆਏ ਹਾਂ ਕਿ ਅਕਾਲੀ ਜੱਥਾ ਜਦ ਜਹਾਦੀਆਂ 'ਤੇ ਟੁੱਟ ਕੇ ਜਾ ਪਿਆ ਤਾਂ ਕਿਸ ਤਰ੍ਹਾਂ ਘੋਰ ਸੰਗ੍ਰਾਮ ਮਚਿਆ ਸੀ। ਉਹ ਕਟਾਵੱਢ ਹੁਣ ਤੀਕ ਇੱਕ ਰਸ ਹੋ ਰਹੀ ਸੀ, ਜਿਸ ਵਿੱਚ ਚੰਗੇ ਬਾਂਕੇ ਜਵਾਨ ਗਾਜਰ ਮੂਲੀ ਦੀ ਤਰ੍ਹਾਂ ਤਲਵਾਰ ਤੋਂ ਪਾਰ ਹੋ ਰਹੇ ਸਨ। ਪਠਾਣਾਂ ਨੇ ਵੀ ਆਪਣੇ ਮਜ਼ਬੀ ਜੋਸ਼ ਤੇ ਦੇਸ਼ ਪਿਆਰ ਦੀ ਉਮੰਗ ਵਿੱਚ ਮਤੇ ਹੋਇਆਂ ਰੱਜ ਕੇ ਬਹਾਦਰੀ ਨਾਲ ਟਾਕਰਾ ਕੀਤਾ, ਪਰ ਹੁਣ ਅਕਾਲੀਆਂ ਦੀ ਕਾਲਰੂਪ ਤਲਵਾਰ ਅੱਗੇ ਉਹ ਪੂਰੇ ਨਾ ਉੱਤਰ ਸਕੇ। ਸੂਰਜ ਦੇ ਢਲਦਿਆਂ ਹੀ ਪਠਾਣਾਂ ਦੇ ਦਿਲ ਵੀ ਨਾਲ ਢਲ ਗਏ ਤੇ ਸਭ ਤੋਂ ਪਹਿਲੇ ਉਹ ਲਸ਼ਕਰ ਦੇ ਪੈਰ ਰਣ ਵਿੱਚੋਂ ਉੱਖੜ ਗਏ ਜੋ ਅਕਾਲੀਆਂ ਨਾਲ ਜੁੱਟਿਆ ਪਿਆ ਸੀ। ਇਹ ਗ਼ਾਜ਼ੀ ਕੁੱਝ ਘਬਰਾ ਕੇ ਪਿੱਛੇ ਹਟੇ, ਉੱਪਰੋਂ ਹਾਥੀ ਵਿੱਚੋਂ ਅਕਾਲੀ ਜੀ ਨੇ ਆਪਣੇ ਜੱਥੇ ਨੂੰ ਲਲਕਾਰਿਆ ਕਿ ਖਾਲਸਾ ਜੀ! ਮੈਦਾਨ ਆਪ ਨੇ ਮਾਰ ਲਿਆ ਹੈ, ਪਰ ਖ਼ਬਰਦਾਰ ਰਹੋ ਕਿ ਕੋਈ ਵੈਰੀ ਬਚ ਕੇ ਨਾ ਨਿਕਲ ਜਾਏ। ਬਹਾਦਰ ਅਕਾਲੀ ਜੋ ਇਸ ਵਕਤ ਆਪਣੇ ਕੌਮੀ ਜੋਸ਼ ਵਿੱਚ ਆਪੇ ਤੋਂ ਬਾਹਰ ਹੋਏ-ਹੋਏ ਸਨ, ਇਸ ਹੁਕਮ ਦੇ ਸੁਣਦੇ ਹੀ ਇਕੱਠੇ ਹੋਕੇ ਅੱਗੇ ਵੱਧੇ ਤੇ ਛੋਟਾ ਜਿਹਾ ਫੇਰ ਖਾ ਕੇ ਨਸੇ ਗ਼ਾਜ਼ੀਆਂ ਦਾ ਅੱਗਾ ਰੋਕ ਲਿਆ, ਜਿਸ ਕਰਕੇ ਮੁੜ ਤਲਵਾਰ ਚੱਲਣ ਲੱਗ ਪਈ। ਅਕਾਲੀ ਫੂਲਾ ਸਿੰਘ ਨੇ ਆਪਣਾ ਹਾਥੀ ਹੋਰ ਅੱਗੇ ਵਧਾਇਆ ਤੇ ਇਸ ਕੱਟਾਵੱਢ ਵਿੱਚ ਆ ਵੜੇ। ਇੰਨੇ ਵਿੱਚ ਇੱਕ ਪਠਾਣ ਨੇ ਜੋ ਇੱਕ ਵੱਡੇ ਪੱਥਰ ਦੇ ਓਹਲੇ ਲੁਕਿਆ ਸੀ- ਆਪਣੀ ਕਰਾਬੀਨ ਅਕਾਲੀ ਫੂਲਾ ਸਿੰਘ ਦੇ ਹਾਥੀ 'ਤੇ ਚਲਾਈ, ਜਿਸ ਵਿੱਚ ਚਾਰ ਗੋਲੀਆਂ ਸਨ, ਜਿਨ੍ਹਾਂ ਵਿੱਚੋਂ ਤਿੰਨ ਤਾਂ ਮਹਾਵਤ ਨੂੰ ਲੱਗੀਆਂ ਤੇ ਇੱਕ ਅਕਾਲੀ ਫੂਲਾ ਸਿੰਘ ਨੂੰ ਮੋਢੇ ਦੇ ਹੇਠ ਛਾਤੀ ਵਿੱਚ ਵੱਜੀ। ਮਹਾਵਤ ਤਾਂ ਗੋਲੀ ਖਾਂਦਾ ਹੀ ਜ਼ਮੀਨ 'ਤੇ ਡਿੱਗ ਪਿਆ, ਪਰ ਅਕਾਲੀ ਜੀ ਨੇ ਗੋਲੀ ਸੰਜੋਅ ਦੀ ਰੋਕ ਦੇ ਕਾਰਨ ਕੁੱਝ ਜ਼ਿਆਦਾ ਖ਼ਤਰਨਾਕ ਨਹੀਂ ਸੀ। ਅਕਾਲੀ ਜੀ ਦੇ ਮਹਾਵਤ ਦੀ ਥਾਂ ਨੂੰ ਖ਼ਾਲੀ ਦੇਖਕੇ ਜੱਥੇ ਦੇ ਇੱਕ ਨੌਜਵਾਨ ਅਕਾਲੀ ਸਿੰਘ ਨੇ ਝੱਟ ਛਾਲ ਮਾਰੀ ਤੇ ਹਾਥੀ ਦੀ ਗਰਦਨ 'ਤੇ ਡੱਟ ਕੇ ਬੈਠ ਗਿਆ ਤੇ ਆਪਣੀ ਸੂਤੀ ਤਲਵਾਰ ਦੀ ਨੋਕ ਨਾਲ ਹਾਥੀ ਨੂੰ ਬਰਾਬਰ ਅੱਗੇ ਵਧਾਂਦਾ ਲੈ ਗਿਆ। ਹੁਣ ਗ਼ਾਜ਼ੀਆਂ ਨੇ ਆਪਣਾ ਰਹਿੰਦਾ ਖੂੰਹਦਾ ਸਾਰਾ ਜ਼ੋਰ ਇਸ ਛੇਕੜਲੀ ਝਪਟ ਵਿੱਚ ਲਾ ਦਿੱਤਾ, ਪਰ ਆਪਣੇ ਆਪ ਨੂੰ ਸਭ ਪਾਸਿਆਂ ਤੋਂ ਘਿਰਿਆ ਪਿਆ ਦੇਖਕੇ ਫਿਰ ਘਬਰਾ ਕੇ ਉੱਠ ਨੱਠੇ। ਅਕਾਲੀਆਂ ਨੇ ਦੂਰ ਤਕ ਨੱਸਦਿਆਂ ਦਾ ਪਿੱਛਾ ਕਰਕੇ ਹਜ਼ਾਰਾਂ ਤਲਵਾਰ ਤੋਂ ਪਾਰ ਕੀਤਾ। ਇਸ ਖ਼ਲਬਲੀ ਵਿੱਚ ਆਪਣੇ ਪਰਾਏ ਦੀ ਪਛਾਣ ਉੱਕੀ ਨਹੀਂ ਸੀ ਰਹੀ। ਇਸ ਸਮੇਂ ਇੱਕ ਨੱਠੇ ਜਾਂਦੇ ਪਠਾਣ ਨੇ ਅਕਾਲੀ ਜੀ ਦੇ ਹਾਥੀ ਦੇ ਲਾਗੇ ਹੀ ਕਰਾਬੀਨ ਚਲਾਈ ਜਿਸ ਦੀਆਂ ਗੋਲੀਆਂ ਅਕਾਲੀ ਫੂਲਾ ਸਿੰਘ ਨੂੰ ਲੱਗੀਆਂ। ਉਸ ਪਠਾਣ ਨੂੰ ਤਾਂ ਕਰਨਲ ਮਹਾਂ ਸਿੰਘ ਨੇ ਜੋ ਹਾਥੀ ਦੇ ਨੇੜੇ ਹੀ ਸੀ, ਆਪਣੀ ਤਲਵਾਰ ਨਾਲ ਕੁਤਰ ਸੁੱਟਿਆ, ਪਰ ਅਕਾਲੀ ਜੀ ਦੀ ਹਾਲਤ ਇਸ ਸੱਟ ਨਾਲ ਬਹੁਤ ਹੀ ਨਾਜ਼ੁਕ ਹੋ ਗਈ। ਅਕਾਲੀ ਜੀ ਗੋਲੀਆ ਖਾਂਦੇ ਹੀ ਹੌਦੇ ਹੀ ਵਿੱਚ ਢੋ ਲਾਕੇ ਲੇਟ ਗਏ। ਆਪਦਾ ਹਾਥੀ ਉਸ ਵੇਲੇ ਬਠਾਇਆ ਗਿਆ ਤੇ ਜਦ ਹੱਥ ਲਾਕੇ ਡਿੱਠਾ ਤਾਂ ਸ਼ਹਾਦਤ ਦਾ ਸ਼ਰਬਤ ਪੀ ਚੁੱਕੇ ਸਨ। ਕਰਨੈਲ ਮਹਾਂ ਸਿੰਘ ਨੇ ਯੋਗ ਸਮਝਕੇ ਅਕਾਲੀ ਜੀ ਦੇ ਹਾਥੀ ਨੂੰ ਇੱਕਲਵੰਜੇ ਬੈਠਾ ਦਿੱਤਾ ਤੇ ਬਾਕੀ ਦਾ ਸਾਰਾ ਜੱਥਾ, ਜਿਸਨੂੰ ਅਕਾਲੀ ਦੇ ਚਲਾਣੇ ਦੀ ਖ਼ਬਰ ਨਹੀਂ ਸੀ, ਵੈਰੀ ਦੇ ਮਗਰ ਦੂਰ ਤੀਕ ਭੱਜਦਾ ਚਲਾ ਗਿਆ। ਉਧਰ ਜਨਰਲ ਵੈਨਤੂਰਾ, ਸਰਦਾਰ ਹਰੀ ਸਿੰਘ ਨਲੂਆਂ ਤੇ ਸਰਦਾਰ ਬੁੱਧ ਸਿੰਘ ਸੰਧਾਂਵਾਲੀਆ ਨੇ ਖ਼ੇਸਗੀ ਦੇ ਮੈਦਾਨ ਵਿੱਚ ਤੋਪਾਂ ਬੀੜਕੇ ਮੁਹੰਮਦ ਅਜ਼ੀਮਖ਼ਾਨ ਦੀ ਫ਼ੌਜ 'ਤੇ ਓਹ ਗੋਲਾਬਾਰੀ ਕੀਤੀ ਕਿ ਉਹ ਇੱਕ ਕਦਮ ਵੀ ਗ਼ਾਜ਼ੀਆਂ ਵੱਲ ਅੱਗੇ ਨਾ ਵੱਧ ਸਕਿਆ ਤੇ ਭਾਰੀ ਨੁਕਸਾਨ ਉੱਠਾਣ ਦੇ ਕਾਰਨ ਦਰਿਆ ਦੇ ਪਾਰਲੇ ਕੰਢੇ ਰੁਕਿਆ ਰਿਹਾ ਅਤੇ ਜਦ ਮੁਹੰਮਦ ਅਜ਼ੀਮ ਖ਼ਾਨ ਨੇ ਗ਼ਾਜ਼ੀਆ ਦੀ ਭਾਂਜ ਦੀ ਖ਼ਬਰ ਸੁਣੀ ਤਾਂ ਇਸ ਦੀਆਂ ਸਾਰੀਆਂ ਆਸਾਂ ਉਮੈਦਾਂ 'ਤੇ ਪਾਣੀ ਫਿਰ ਗਿਆ ਤੇ ਬੜੀ ਔਖ ਨਾਲ ਆਪਣੀ ਜਾਨ ਬਚਾਕੇ ਮਿਚਨੀ ਜਾ ਸਾਹ ਕੱਢਿਆ, ਤੇ ਪਿਸ਼ਾਵਰ ਦੀ ਹਕੂਮਤ ਤੋਂ ਸਦਾ ਲਈ ਐਸਾ ਨਿਰਾਸ ਹੋਇਆ ਕਿ ਫੇਰ ਜੀਉਂਦੇ ਜੀ[4] ਇੱਧਰ ਵੱਲ ਮੂੰਹ ਤੱਕ ਨਾ ਫੇਰਿਆ। ਉੱਧਰ ਗ਼ਾਜ਼ੀਆਂ ਦੀ ਦੁਰਦਸ਼ਾ ਦਾ ਕੁੱਝ ਪੁੱਛੋ ਹੀ ਨਾ। ਮੈਦਾਨ ਜੰਗ ਤੋਂ ਇਨ੍ਹਾਂ ਦੇ ਪੈਰ ਉਖੜਦਿਆਂ ਹੀ ਸਾਰੇ ਸਿੱਖ ਦਲ ਨੇ ਇਨ੍ਹਾਂ ਨੂੰ ਅੱਗੇ ਰੱਖ ਲਿਆ ਤੇ ਕਈ ਕੋਹਾਂ ਤੱਕ ਮਾਰਦੇ ਕੁਤਰਦੇ ਬਰਾਬਰ ਇਨ੍ਹਾਂ ਦਾ ਪਿੱਛਾ ਕਰਦੇ ਗਏ।[5] ਅਕਾਲੀ ਜੱਥਾ ਸਣੇ ਬਾਕੀ ਸਿੱਖ ਦਲ ਦੇ ਜਦ ਗ਼ਾਜ਼ੀਆਂ ਨੂੰ ਦੂਰ ਤੱਕ ਭਜਾਕੇ ਪਿੱਛੇ ਨੂੰ ਮੁੜਿਆ ਤਾਂ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਦੀ ਕਲੇਜੇ ਵਿੰਨ੍ਹਵੀ ਖ਼ਬਰ ਇੱਕ ਅੱਖ ਦੇ ਫੋਰ ਵਿੱਚ ਸਾਰੇ ਖ਼ਾਲਸਾ ਦਲ ਦੇ ਅੰਦਰ ਪਸਰ ਗਈ! ਜਿਹੜਾ ਕੋਈ ਇਸ ਹਿਰਦੇਵੇਧਕ ਖ਼ਬਰ ਨੂੰ ਸੁਣਦਾ ਉਹ ਉੱਥੇ ਹੀ ਬੁੱਤ ਬਣਕੇ ਰਹਿ ਜਾਂਦਾ ਤੇ ਬੇਵਸਾ ਹੋਕੇ ਹੰਝੂਆਂ ਦਾ ਪਰਵਾਹ ਵਹਾਉਂਦਾ। ਮਹਾਰਾਜਾ ਰਣਜੀਤ ਸਿੰਘ ਨੇ ਜਦ ਇਹ ਦਿਲ ਹਿਲਾ ਦੇਣ ਵਾਲੀ ਖ਼ਬਰ ਸੁਣੀ ਤਾਂ ਆਪ ਨੂੰ ਡਾਢੀ ਸੱਟ ਵੱਜੀ ਤੇ ਫਰਨ-ਫਰਨ ਅੱਥਰੂ ਅੱਖਾਂ ਤੋਂ ਨਿਕਲ ਆਏ। ਆਪ ਉਸੀ ਵਕਤ ਸਣੇ ਸ਼ਾਹਜ਼ਾਦਾ ਖੜਗ ਸਿੰਘ ਤੇ ਹੋਰਨਾਂ ਮੁਖੀ ਸਰਦਾਰਾਂ ਦੇ, ਅਕਾਲੀ ਜੀ ਦੇ ਹਾਥੀ ਕੋਲ ਪਹੁੰਚੇ ਤੇ ਆਪ ਦੇ ਸ਼ਹੀਦੀ ਦਰਸ਼ਨ ਕਰਨ ਤੋਂ ਮਹਾਰਾਜਾ ਜੀ ਨੂੰ ਐਸਾ ਵਿਰਾਗ ਹੋਇਆ ਕਿ ਠੱਲ੍ਹਿਆ ਹੀ ਨਾ ਜਾਵੇ, ਮਾਨੋ ਦਿਲ ਦਾ ਕੜ ਪਾਟ ਕੇ ਅੱਖਾਂ ਰਾਹੀ ਵਹਿ ਗਿਆ ਹੈ। ਭਾਵ ਸ਼ੇਰਿ ਪੰਜਾਬ ਨਹੀਂ ਸੀ ਚਾਹੁੰਦਾ ਕਿ ਉਹ ਆਪਣੇ ਸਰਦਾਰਾਂ ਦੇ ਸਾਹਮਣੇ ਆਪਣੇ ਆਪ ਨੂੰ ਇੰਨਾ ਕਮਜ਼ੋਰ ਦਿਲ ਦੱਸੇ, ਪਰ ਇਹ ਇਸਦੇ ਵੱਸ ਤੋਂ ਬਾਹਰ ਸੀ। ਅਕਾਲੀ ਫੂਲਾ ਸਿੰਘ ਦੀ ਅਲੌਕਿਕ ਬਹਾਦਰੀ ਤੇ ਅਦੁੱਤੀ ਦ੍ਰਿੜ੍ਹਤਾ ਨੇ ਮਹਾਰਾਜਾ ਦੇ ਦਿਲ 'ਤੇ ਉਹ ਜਾਦੂ ਭਰਿਆ ਅਸਰ ਕਰ ਰੱਖਿਆ ਸੀ ਕਿ ਅਵੱਸ਼ ਹੀ ਆਪ ਨੂੰ ਜਲਹਾਰ ਹੋਣਾ ਪਿਆ। ਅਕਾਲੀ ਜੀ ਹੌਦੇ ਵਿੱਚ ਢਾਸਣਾ ਲਾਈ ਇਸ ਤਰ੍ਹਾਂ ਟਿਕੇ ਹੋਏ ਸਨ, ਜਿਸ ਨੂੰ ਦੇਖਕੇ ਏਹੀ ਦਿਸਦਾ ਸੀ ਕਿ ਮਾਨੋ ਸਾਰੇ ਦਿਨ ਦੀ ਲੜਾਈ ਤੋਂ ਥੱਕ ਕੇ ਆਰਾਮ ਕਰ ਰਹੇ ਹਨ।

---

1. ਇਸ ਲੇਖਣੀ ਦਾ ਲਿਖਤ ਜੀਵਨ ਬ੍ਰਿਤਾਂਤ ਮਹਾਰਾਜਾ ਰਣਜੀਤ ਸਿੰਘ ਪੜ੍ਹੋ, ਜਿਸ ਵਿੱਚ ਖ਼ਾਲਸਾ ਰਾਜ ਦੀਆਂ ਤੁਰਦੀਆਂ ਫਿਰਦੀਆਂ ਤਸਵੀਰਾਂ ਅੱਖਾਂ ਅੱਗੇ ਆ ਖਲੋਂਦੀਆਂ ਹਨ।

2. ਅਕਾਲੀ ਸਦਾ ਹੀ ਘੋੜਿਆ ਪਰ ਸਵਾਰ ਹੋ ਕੇ ਲੜਨ ਨਾਲੋਂ ਪੈਦਲ ਹੱਥ ਚਮਕਦੀਆਂ ਤਲਵਾਰਾਂ ਲਈ ਮੂੰਹ-ਬ-ਮੂੰਹ ਦਿਲੋ ਚਾਹੁੰਦੇ ਹੁੰਦੇ ਸਨ।

3. ਮੇਜਬ ਸਮਾਇਥ ਲਿਖਦਾ ਹੈ ਕਿ ਇਹ ਖੁੱਲ੍ਹੇ ਅਕਾਲੀਆਂ ਦੇ ਘੋੜੇ ਬੜੀ ਤੇਜ਼ੀ ਨਾਲ ਵੈਰੀਆਂ ਦੇ ਲਸ਼ਕਰ ਵਿੱਚ ਜਾ ਵੜੇ ਤੇ ਜੰਗਲੀ ਘੋੜਿਆਂ ਦੀ ਤਰ੍ਹਾਂ ਲੱਗੇ ਵੈਰੀਆਂ ਨੂੰ ਦੁਲੱਤੇ ਮਾਰਨ, ਜਿਨ੍ਹਾਂ ਨਾਲ ਵੈਰੀ ਵਿੱਚ ਬੜੀ ਘਬਰਾਹਟ ਮਚ ਗਈ। ਇਹ ਨਹੀਂ ਕਿਹਾ ਜਾ ਸਕਦਾ ਆਇਆ ਘੋੜਿਆ ਨੂੰ ਇਸ ਤਰ੍ਹਾਂ ਅਕਾਲੀ ਜੀ ਨੇ ਸਿਖਾਇਆ ਹੋਇਆ ਸੀ ਯਾ ਇਤਫਾਕੀਆ ਅਫ਼ਗਾਨਾ ਦੇ ਲਸ਼ਕਰ ਵਿੱਚ ਜਾ ਵੜੇ ਸਨ। ਭਾਵੇਂ ਕੁੱਝ ਹੋਵੇ ਪਰ ਇਸ ਅਚਨਚੇਤ ਹਮਲੇ ਨੇ ਵੈਰੀ 'ਤੇ ਜ਼ਹਿਰੇ-ਕਾਤਲ ਦਾ ਕੰਮ ਕੀਤਾ। ਮੇਜਰ ਸਮਾਇਥ, ਸਫ਼ਾ 190

4. ਇਸ ਹਾਰ ਨੇ ਅਜ਼ੀਮ ਖਾਂ ਦਾ ਐਸਾ ਦਿਲ ਤੇ ਗਹਿਰਾ ਅਸਰ ਪਾਇਆ ਕਿ ਉਹ ਕਾਬਲ ਨੂੰ ਜਾਂਦਾ ਸ਼ਰਮ ਅਤੇ ਗਮ ਵਿੱਚ 15 ਕੁ ਦਿਨ ਬਾਦ ਰਸਤੇ ਵਿੱਚ ਹੀ ਮਰ ਗਿਆ। (ਸੰਪਾਦਕ)

5. ਇਸ ਲੜਾਈ ਦਿਆਂ ਮੁਰਦਿਆਂ ਦੀਆਂ ਕਬਰਾਂ ਨੌਸ਼ਹਿਰੇ ਤੋਂ ਲੈ ਕੇ ਚਾਰਸੱਦੇ ਤੱਕ ਕਈ ਕੋਹਾਂ ਵਿੱਚ ਚਲੀਆਂ ਗਈਆਂ ਸਨ, ਜੋ ਅੱਜ ਤੱਕ ਮੌਜੂਦ ਹਨ, ਜੋ ਅੱਜ ਉਸ ਭਿਆਨਕ ਜੁੱਧ ਅਤੇ ਖ਼ਾਲਸਈ ਤੇਗ ਦਾ ਚਮਤਕਾਰ ਹੁਣ ਤੱਕ ਸਰਹੱਦ ਵਿੱਚ ਦੱਸ ਰਹੀਆਂ ਹਨ। ਪਿਸ਼ਾਵਰ ਗਜ਼ਟੀਅਰ ਦੇ ਸਫ਼ਾ 65 ਪਰ ਲਿਖਿਆ ਹੈ, ਇਸ ਲੜਾਈ ਵਿੱਚ 10000 ਕਤਲ ਹੋਏ ਸਨ।

(ਚਲਦਾ)

ਪੇਸ਼ਕਸ਼:
**ਹਰਦੇਵ ਬਰਾੜ**
ਮੁੱਖ ਸੰਪਾਦਕ





Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
Residential Sales
Rental Property Management (REINZ Accredited PM Company)
Business Sales
Commercial Sales
Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland




DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura




SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# ਦੇਸੀ ਡਾਕਟਰਾਂ ਦੀ ਚੁਸਤੀ

ਸੋਲ੍ਹਾਂ ਵਰ੍ਹਿਆਂ ਦੇ ਸੰਦੀਪ ਦਾ ਕੇਸ ਮੈਨੂੰ ਮੇਰੇ ਸੁਪਰਵਾਈਜ਼ਰ ਨੇ ਦਿੱਤਾ ਕਿ 'ਇਹ ਪੰਜਾਬੀ ਕੇਸ ਆ ਅਤੇ ਆਪਣੀ ਟੀਮ ਵਿਚ ਤੂੰ ਹੀ ਪੰਜਾਬੀ ਸੀਨੀਅਰ ਸੋਸ਼ਲਵਰਕਰ ਆਂ।' ਮੈਂ ਕੇਸ ਫਾਈਲ ਲੈ ਕੇ ਆਪਣੀ ਸੀਟ 'ਤੇ ਆ ਬੈਠਾ ਅਤੇ ਕੇਸ ਪੜ੍ਹਨ ਲੱਗ ਪਿਆ।

ਫਾਈਲ ਵਿਚ ਥੋੜ੍ਹੀ ਲਿਖੀ ਜਾਣਕਾਰੀ ਤੋਂ ਮੈਨੂੰ ਪਤਾ ਲੱਗਾ ਕਿ ਸੰਦੀਪ ਮਾਪਿਆਂ ਦੀ ਇਕਲੌਤੀ ਔਲਾਦ ਹੈ ਅਤੇ ਉਹ ਘੋਰ ਉਦਾਸੀ ਦੇ ਰੋਗ ਦਾ ਸ਼ਿਕਾਰ ਹੈ। ਮਾਂ-ਬਾਪ ਇਸ ਗੱਲ ਤੋਂ ਬੜੇ ਪ੍ਰੇਸ਼ਾਨ ਹਨ ਅਤੇ ਸਕੂਲ ਵਾਲਿਆਂ ਨੂੰ ਵੀ ਚਿੰਤਾ ਹੈ ਕਿ ਸੰਦੀਪ ਕਈ-ਕਈ ਦਿਨ ਸਕੂਲ ਤੋਂ ਗੈਰਹਾਜ਼ਰ ਰਹਿੰਦਾ ਹੈ। ਉਹ ਸਕੂਲ ਵਿਚ ਵੀ ਕਿਸੇ ਲੜਕੇ ਨਾਲ ਜ਼ਿਆਦਾ ਗੱਲ ਨਹੀਂ ਕਰਦਾ ਅਤੇ ਪੜ੍ਹਾਈ ਵਿਚ ਵੀ ਜ਼ਿਆਦਾ ਹੁਸ਼ਿਆਰ ਨਹੀਂ ਹੈ।

ਫਾਈਲ ਪੜ੍ਹਨ ਤੋਂ ਬਾਅਦ ਮੈਂ ਮਨ ਬਣਾਇਆ ਕਿ ਪਹਿਲਾਂ ਇਕੱਲਿਆਂ ਮਾਂ-ਬਾਪ ਨੂੰ ਮਿਲਿਆ ਜਾਵੇ ਅਤੇ ਫਿਰ ਇਕ ਹੋਰ ਮੁਲਾਕਾਤ ਇਕੱਲਿਆਂ ਸੰਦੀਪ ਨਾਲ ਕੀਤੀ ਜਾਵੇ ਤਾਂ ਕਿ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਜਾ ਸਕੇ। ਮੈਂ ਸੰਦੀਪ ਦੇ ਘਰ ਫੋਨ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਬਾਰੇ ਜਾਣਕਾਰੀ ਦੇ ਕੇ ਮਿਲਣ ਦਾ ਸਮਾਂ ਨਿਯੁਕਤ ਕਰ ਲਿਆ। ਮੈਂ ਉਨ੍ਹਾਂ ਨੂੰ ਇਹ ਵੀ ਦੱਸ ਦਿੱਤਾ ਸੀ ਕਿ ਮੈਂ ਪਹਿਲਾਂ ਉਨ੍ਹਾਂ ਦੋਵਾਂ ਨੂੰ ਇਕੱਲਿਆਂ ਮਿਲਣਾ ਚਾਹੁੰਦਾ ਹਾਂ। ਉਹ ਇਸ ਗੱਲ ਨਾਲ ਸਹਿਮਤ ਸਨ।

ਜਦ ਮੈਂ ਮਿਲਣ ਗਿਆ ਤਾਂ ਉਨ੍ਹਾਂ ਆਪਣਾ ਤਿੰਨ ਬੈੱਡਰੂਮ ਵਾਲਾ ਘਰ ਸਫਾਈ ਕਰਕੇ ਚਮਕਾਇਆ ਪਿਆ ਸੀ। ਮੈਂ ਜਾਣ-ਪਛਾਣ ਤੋਂ ਬਾਅਦ ਅਸਲੀ ਮੁੱਦੇ ਵੱਲ ਆਇਆ ਕਿ ਸੰਦੀਪ ਦੀ ਕੀ ਸਮੱਸਿਆ ਹੈ। ਸੰਦੀਪ ਦੀ ਮਾਂ ਕੁਝ ਜ਼ਿਆਦਾ ਹੀ ਭਾਵੁਕ ਹੋ ਗਈ ਸੀ। ਸ਼ਾਇਦ ਇਸ ਕਰਕੇ ਵੀ ਕਿ ਕੋਈ ਸਰਕਾਰੀ ਅਫਸਰ ਉਨ੍ਹਾਂ ਨਾਲ ਪੰਜਾਬੀ ਵਿਚ ਗੱਲ ਕਰ ਰਿਹਾ ਸੀ। ਸੰਦੀਪ ਦੀ ਮਾਂ ਨੇ ਦੱਸਿਆ ਕਿ "ਮੇਰੇ ਪੁੱਤ ਨੂੰ ਪਤਾ ਨਹੀਂ ਕੇਹਦੀ ਨਜ਼ਰ ਲੱਗ ਗਈ ਆ। ਉਹ ਚੁੱਪ-ਗੜੁੱਪ ਘੁੱਗੂਬਾਟਾ ਜਿਹਾ ਬਣਿਆ ਰਹਿੰਦੈ। ਜਦ ਅਸੀਂ ਉਹਦੇ ਨਾਲ ਗੱਲ ਕਰਦੇ ਆਂ ਤਾਂ ਖਿੱਝ ਕੇ ਪੈਂਦਾ। ਬਸ ਆਪਣੇ ਕਮਰੇ 'ਚ ਸਾਰਾ ਦਿਨ ਬੈਠਾ ਰਹਿੰਦਾ। ਮੇਰੇ ਜੁਆਨ ਪੁੱਤ ਨੂੰ ਪਤਾ ਨਹੀਂ ਕੀ ਹੋ ਗਿਆ?"

ਮੈਂ ਕਿਹਾ, "ਕੀ ਤੁਸੀਂ ਆਪਣੇ ਡਾਕਟਰ ਨਾਲ ਗੱਲ ਕੀਤੀ ਆ?" ਸੰਦੀਪ ਦੀ ਮਾਂ ਦੀ ਬਜਾਏ ਉਹਦੇ ਪਿਉ ਨੇ ਜੁਆਬ ਦਿੱਤਾ: "ਹਾਂ ਜੀ ਕੀਤੀ ਆ। ਆਪਣਾ ਈ ਪੰਜਾਬੀ ਡਾਕਟਰ ਆ। ਕਹਿੰਦਾ ਸੰਦੀਪ ਨੂੰ ਵੱਡੇ ਡਾਕਟਰ ਕੋਲ ਦਿਖਾਉਣਾ ਪਊ। ਸਾਡਾ ਡਾਕਟਰ ਦੱਸਦਾ ਸੀ ਕਿ ਇਹ ਵੱਡਾ ਡਾਕਟਰ ਵੀ ਆਪਣਾ ਪੰਜਾਬੀ ਈ ਆ। ਸੰਦੀਪ ਵਰਗੇ ਕੇਸਾਂ 'ਚ ਮਾਹਿਰ ਆ। ਨਾਲੇ ਜੀ ਹੁਣ ਤੁਹਾਤੋਂ ਕਾਹਦਾ ਲਕੋ। ਸਾਡਾ ਡਾਕਟਰ ਕਹਿੰਦਾ ਸੀ ਕਿ ਜੇਕਰ ਤੁਸੀਂ ਪ੍ਰਾਈਵੇਟ ਇਲਾਜ ਕਰਾ ਲਓਂ ਤਾਂ ਜ਼ਿਆਦਾ ਚੰਗੈ। ਇਹ ਵੱਡਾ ਡਾਕਟਰ ਉਹਦਾ ਚੰਗਾ ਵਾਕਿਫ ਆ। ਅਸੀਂ ਤਾਂ ਜੀ ਹੁਣ ਉਦੋਂ ਦੇ ਸ਼ੰਸ਼ੋਪੰਜ 'ਚ ਫਸੇ ਪਏ ਆਂ। ਇਕ ਪਾਸੇ ਗੱਭਰੂ ਮੁੰਡਾ ਦੂਜੇ ਪਾਸੇ ਪ੍ਰਾਈਵੇਟ ਇਲਾਜ ਲਈ ਡਾਕਟਰ ਦੀ 60 ਪੌਂਡ ਘੰਟਾ ਫੀਸ। ਕਾਕਾ ਸਾਡੀ ਕਿਸੇ ਤਰ੍ਹਾਂ ਮੱਦਦ ਕਰ। ਸੰਦੀਪ ਤੇਰੇ ਛੋਟੇ ਭਰਾਵਾਂ ਵਰਗੈ।" ਹੁਣ ਮਾਂ ਡੁਸਕਣ ਲੱਗ ਪਈ ਸੀ ਅਤੇ ਪਿਉ ਦਾ ਮਨ ਭਰ ਆਇਆ ਸੀ। ਮੈਂ ਇਸ ਗੱਲ ਤੋਂ ਹੈਰਾਨ ਸੀ ਕਿ ਇਹ ਦੇਸੀ ਡਾਕਟਰ ਇਨ੍ਹਾਂ ਭਲੇਮਾਣਸਾਂ ਨੂੰ ਕਿਉਂ ਗਲਤ ਸਲਾਹ ਦੇ ਰਿਹਾ ਸੀ। ਕੀ ਕਿਤੇ ਇਸ ਦੇਸੀ ਡਾਕਟਰ ਅਤੇ ਇਸ ਮਾਹਿਰ ਮਨੋਵਿਗਿਆਨਕ ਡਾਕਟਰ ਦਾ ਆਂਢਾ-ਸਾਂਢਾ ਤਾਂ ਨਹੀਂ? ਮੈਨੂੰ ਇਸ ਗੱਲ ਦਾ ਪਤਾ ਸੀ ਕਿ ਕਈ ਦੇਸੀ ਡਾਕਟਰ ਆਪਣੇ ਲੋਕਾਂ ਤੋਂ ਗਲਤ ਤਰੀਕਿਆਂ ਨਾਲ ਪੈਸੇ ਮਰੁੱਛਦੇ ਸਨ। ਆਮ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਨਾ ਹੋਣ ਕਰਕੇ, ਉਹ ਆਪਣੇ ਡਾਕਟਰਾਂ ਦਾ ਢਿੱਡ ਭਰੀ ਜਾ ਰਹੇ ਸਨ। ਕੁਝ ਦੇਸੀ ਡਾਕਟਰ ਆਪਣੇ-ਆਪ ਨੂੰ ਰੱਬ ਸਮਝਦੇ ਸਨ ਅਤੇ ਆਮ ਏਸ਼ੀਅਨ ਲੋਕਾਂ ਨੂੰ ਬੁੱਧੂਲਾਣਾਂ। ਇਨ੍ਹਾਂ ਦਾ ਵਰਤਾਵ ਵੀ ਸਾਡੇ ਲੋਕਾਂ ਨਾਲ ਬੜਾ ਰੁੱਖਾ ਅਤੇ ਰੋਹਬ ਵਾਲਾ ਸੀ। ਐਹੋ ਜਿਹੀਆਂ ਗੱਲਾਂ ਮੈਂ ਲੋਕਾਂ ਤੋਂ ਸੁਣੀਆਂ ਹੋਈਆਂ ਸਨ। ਮੈਂ ਆਪਣੇ ਤੇ ਜ਼ਾਬਤਾ ਰੱਖਦਿਆਂ ਕਿਹਾ ਕਿ, "ਤੁਸੀਂ ਅਜੇ ਸੰਦੀਪ ਨੂੰ ਇਸ ਮਾਹਿਰ ਡਾਕਟਰ ਕੋਲ ਨਹੀਂ ਦਿਖਾਉਣਾ। ਮੈਂ ਆਪੇ ਹੀ ਤੁਹਾਡੇ ਪਰਿਵਾਰਕ ਡਾਕਟਰ ਅਤੇ ਇਸ ਵੱਡੇ ਡਾਕਟਰ ਨਾਲ ਗੱਲ ਕਰਾਂਗਾ। ਮੈਨੂੰ ਤੁਸੀਂ ਆਪਣੇ ਡਾਕਟਰ ਦਾ ਐਡਰੇਸ ਅਤੇ ਫੋਨ ਨੰਬਰ ਦੇ ਦਿਉ। ਨਾਲੇ ਮੈਂ ਪਹਿਲਾਂ ਸੰਦੀਪ ਨੂੰ ਵੀ ਇਕੱਲਿਆਂ ਮਿਲਣਾ ਚਾਹੁੰਦਾ ਹਾਂ ਤਾਂ ਕਿ ਸਾਰੇ ਹਾਲਾਤ ਦਾ ਜ਼ਾਇਜ਼ਾ ਲਿਆ ਜਾ ਸਕੇ।"

ਸੰਦੀਪ ਦੀ ਮਾਂ ਬੋਲੀ, "ਕਾਕਾ, ਅਸੀਂ ਤਾਂ ਸੰਦੀਪ ਨੂੰ ਬਾਬੇ ਕੋਲੋਂ ਤਵੀਤ ਲੈਣ ਬਾਰੇ ਵੀ ਸੋਚ ਰਹੇ ਸੀ ਕਿ ਸ਼ਾਇਦ ਇਹਨੂੰ ਕੋਈ ਬਾਹਰਲੀ ਕਸਰ ਹੋ ਗਈ ਆ।" ਮੈਂ ਕਿਹਾ, "ਤੁਸੀਂ ਕਿਸੇ ਬੜੇ ਬਾਬੇ ਕੋਲ ਸੰਦੀਪ ਨੂੰ ਲੈ ਕੇ ਨਹੀਂ ਜਾਣੈ। ਇਹ ਸਾਧ ਬਾਬੇ ਤੁਹਾਡਾ ਝੁੱਗਾ ਚੌੜ ਕਰ ਦੇਣਗੇ। ਕਸਰ-ਕੁਸਰ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਇਹ ਵਿਹਲੜ ਸਾਧ ਸਮਾਜ 'ਤੇ ਜੋਕਾਂ ਆਂ ਜੋ ਤੁਹਾਡੇ ਵਰਗੇ ਭੋਲੇ-ਭਾਲੇ ਲੋਕਾਂ ਦਾ ਖ਼ੂਨ ਚੂਸਦੇ ਆ। ਇਨ੍ਹਾਂ ਕੋਲ ਕੋਈ ਇਲਮ, ਪੜ੍ਹਾਈ ਨਹੀਂ। ਸਮਾਜ ਵਿਚਲੀਆਂ ਬਹੁਤੀਆਂ ਬੁਰਾਈਆਂ ਇਨ੍ਹਾਂ ਦੀਆਂ ਈ ਪੈਦਾ ਕੀਤੀਆਂ। ਇਨ੍ਹਾਂ ਲੋਕਾਂ ਦੇ ਘਰਾਂ 'ਚ ਚੁਆਤੀਆਂ ਲਾਈਆਂ। ਲੋਕਾਂ ਨੂੰ ਬਰਬਾਦ ਕਰਕੇ ਰੱਖ ਦਿਤੈ। ਅਗਰ ਇਨ੍ਹਾਂ ਕੋਲ ਕੋਈ ਗੈਬੀ ਸ਼ਕਤੀ ਆ ਤਾਂ ਜਾ ਕੇ ਲੋਕਾਂ ਦੀ ਗਰੀਬੀ ਹਟਾਉਣ। ਇੰਡੀਆ ਦੀ ਨੰਗ-ਭੁੱਖ ਦਾ ਕੁਛ ਕਰਨ। ਤੁਸੀਂ ਇਨ੍ਹਾਂ ਦੇ ਚੁੰਗਲ 'ਚ ਬਿੱਲਕੁੱਲ ਨਹੀਂ ਫਸਣਾ। ਮੈਨੂੰ ਸੰਦੀਪ ਨੂੰ ਮਿਲ ਲੈਣ ਦਿਉ, ਫਿਰ ਆਪਾਂ ਦੇਖਾਂਗੇ ਕਿ ਕੀ ਕਰਨੈ।"

ਮੈਂ ਉਨ੍ਹਾਂ ਤੋਂ ਵਿਦਾ ਲਈ ਅਤੇ ਸੰਦੀਪ ਨੂੰ ਮਿਲਣ ਦਾ ਸਮਾਂ ਲੈ ਲਿਆ। ਨਿਸ਼ਚਿਤ ਦਿਨ ਅਤੇ ਸਮੇਂ ਤੇ ਮੈਂ ਜਾ ਸੰਦੀਪ ਨੂੰ ਮਿਲਿਆ। ਮੈਂ ਉਹਨੂੰ ਘਰੋਂ ਬਾਹਰ ਦਫ਼ਤਰ ਦੇ ਇਕ ਕਮਰੇ ਵਿਚ ਲੈ ਆਂਦਾ ਤਾਂਕਿ ਸਾਰੀ ਗੱਲਬਾਤ ਖੁੱਲ੍ਹ ਕੇ ਹੋ ਸਕੇ। ਸੰਦੀਪ ਦੇਖਣ ਚਾਖਣ ਅਤੇ ਸਰੀਰ ਵੱਲੋਂ ਠੀਕ-ਠਾਕ ਲੱਗਦਾ ਸੀ। ਥੋੜ੍ਹੀ ਦੇਰ ਗੱਲਬਾਤ ਤੋਂ ਬਾਅਦ ਉਹ ਖੁੱਲ੍ਹ ਗਿਆ। ਸੰਦੀਪ ਕਹਿਣ ਲੱਗਾ, "ਮੇਰਾ ਕੋਈ ਦੋਸਤ ਨਹੀਂ ਆ। ਮੇਰੇ ਡੈਡੀ ਹਰ ਸਾਲ ਨੌਕਰੀ ਬਦਲਦੇ ਰਹਿੰਦੇ ਆ। ਨੌਕਰੀ ਦੇ ਨਾਲ ਘਰ ਵੀ ਬਦਲ ਲੈਂਦੇ ਆ। ਪਹਿਲਾਂ ਅਸੀਂ ਕਵੈਂਟਰੀ ਰਹਿੰਦੇ ਸੀ, ਫਿਰ ਵੁਲਵਰਹੈਂਪਟਨ ਚਲੇ ਗਏ। ਇਸ ਤੋਂ ਬਾਅਦ ਬਰਮਿੰਘਮ ਅਤੇ ਹੁਣ ਸੈਂਡਵਿਲ 'ਚ ਆ ਗਏ। ਜਦੋਂ ਕੁ ਤੱਕ ਮੇਰਾ ਕੋਈ ਸਕੂਲ ਵਿਚ ਜਾਂ ਸਕੂਲ ਤੋਂ ਬਾਹਰ ਦੋਸਤ ਬਣਦਾ ਮੇਰੇ ਮਾਂ-ਬਾਪ ਘਰ ਬਦਲ ਲੈਂਦੇ ਆ। ਇਨ੍ਹਾਂ ਮੇਰੇ ਤੋਂ ਕਦੇ ਨਹੀਂ ਪੁੱਛਿਆ ਕਿ ਘਰ ਬਦਲ ਲਈਏ ਜਾਂ ਨਾ, ਜਾਂ ਇਸ ਬਾਰੇ ਮੈਂ ਕਿਵੇਂ ਮਹਿਸੂਸ ਕਰਦੈਂ। ਮੇਰਾ ਕੋਈ ਹੋਰ ਭੈਣ-ਭਰਾ ਵੀ ਨਹੀਂ ਅਤੇ ਨਾ ਹੀ ਸਾਡਾ ਇਥੇ ਕੋਈ ਰਿਸ਼ਤੇਦਾਰ ਆ। ਅਸੀਂ ਕਿਸੇ ਦੇ ਜਾਂਦੇ-ਆਉਂਦੇ ਵੀ ਨਹੀਂ। ਮੈਂ ਘਰ 'ਚ ਬੈਠਾ ਕੀ ਕਰਾਂ? ਜੇ ਟੀ.ਵੀ. ਦੇਖਦਾਂ ਤਾਂ ਇਹ ਟੋਕਾ-ਟਾਕੀ ਕਰਦੇ ਆ ਕਿ ਆਹ ਕੀ ਦੇਖਦਾ ਫਿਰਦੈਂ। ਇਹ ਪ੍ਰੋਗਰਾਮ ਚੰਗਾ ਨਈਂ। ਮੈਂ ਕੱਲਮ-ਕੱਲਾ ਬਸ ਆਪਣੇ-ਆਪ 'ਚ ਈ ਕੁੜ੍ਹਦਾ ਰਹਿੰਦੈ।"

ਸੰਦੀਪ ਨੂੰ ਲੱਗ ਰਿਹਾ ਸੀ ਕਿ ਪਹਿਲੀ ਵਾਰ ਕਿਸੇ ਨੇ ਉਹਦੀ ਗੱਲ ਸੁਣੀ ਸੀ ਅਤੇ ਉਹ ਮੈਨੂੰ ਹੁਣ ਸਭ ਕੁਝ ਦੱਸ ਦੇਣਾ ਚਾਹੁੰਦਾ ਸੀ। ਸੰਦੀਪ ਨੇ ਗੱਲ ਚਾਲੂ ਰੱਖਦਿਆਂ ਕਿਹਾ, "ਸਕੂਲੇ ਵੀ ਮੈਂ ਇਸੇ ਕਰਕੇ ਨਹੀਂ ਜਾਂਦੈ। ਕਲਾਸ 'ਚ ਮੇਰਾ ਕੋਈ ਦੋਸਤ ਨਈਂ। ਮੈਂ ਕਿਸੇ ਕੋਲੋਂ ਹੋਮਵਰਕ ਬਾਰੇ ਸਲਾਹ ਨਹੀਂ ਲੈ ਸਕਦਾ। ਮੇਰੇ ਪੈਰੇਂਟਸ ਨੂੰ ਪੜ੍ਹਾਈ ਬਾਰੇ ਕੁੱਝ ਨਹੀਂ ਪਤਾ। ਇਹ ਘਰ ਬੈਠੇ ਪਾਠ ਕਰੀ ਜਾਂਦੇ ਐ ਜਾਂ ਗੁਰਦੁਆਰੇ ਤੁਰੇ ਰਹਿੰਦੇ ਆ। ਇਸੇ ਕਰਕੇ ਮੈਂ ਇਕੱਲਾ ਆਪਣੇ ਕਮਰੇ 'ਚ ਬੈਠਾ ਰਹਿੰਦਾਂ ਹਾਂ ਮੈਂ ਕੀ ਕਰਾਂ? ਮੈਨੂੰ ਇਨ੍ਹਾਂ ਤੇ ਬਹੁਤ ਗੁੱਸਾ ਆ ਕਿ ਇਹ ਮੇਰੀ ਗੱਲ ਕਿਉਂ ਨਹੀਂ ਸੁਣਦੇ? ਹੁਣ ਮੈਨੂੰ ਕਹਿੰਦੇ ਸੀ ਕਿ ਆਪਾਂ ਇੰਡੀਆ ਜਾ ਆਉਂਦੇ ਆਂ। ਮੈਂ ਦੱਸ ਉਥੇ ਜਾ ਕੇ ਕੀ ਕਰੂੰਗਾ? ਦੋ ਕੁ ਸਾਲ ਹੋਏ ਅਸੀਂ ਗਰਮੀਆਂ 'ਚ ਗਏ ਸੀ ਜਦੋਂ ਜੁਲਾਈ ਅਗਸਤ 'ਚ ਛੁੱਟੀਆਂ ਹੁੰਦੀਆਂ। ਉਥੇ ਤਾਂ ਨਿਰਾ ਨਰਕ ਆ। ਪਿੰਡ 'ਚ ਜਾ ਕੇ ਬਹਿ ਗਏ। ਗਰਮੀ ਨੇ ਮੇਰਾ ਬੁਰਾ ਹਾਲ ਕੀਤੈ। ਮੱਛਰ ਨੇ ਮੈਨੂੰ ਥਾਂ-ਥਾਂ ਤੋਂ ਖਾਅ ਲਿਆ। ਸਾਰਾ ਸਰੀਰ ਧੱਫੜਾਂ ਨਾਲ ਭਰ ਗਿਆ। ਪਹਿਲਾਂ ਕਈ ਦਿਨ ਟੱਟੀਆਂ ਲੱਗੀਆਂ ਰਹੀਆਂ ਫਿਰ ਮਲੇਰੀਆ ਹੋ ਗਿਆ। ਮੈਂ ਤਾਂ ਮਰਨੋਂ ਮਸੀਂ ਬਚਿਆ। ਉਥੇ ਨਾ ਸਾਫ਼ ਪਾਣੀ ਪੀਣ ਨੂੰ ਮਿਲੇ ਅਤੇ ਨਾ ਈ ਬਿਜਲੀ ਆਵੇ। ਗੰਦਗੀ ਇਨ੍ਹੀਂ ਕਿ ਮੈਂ ਹੈਰਾਨ ਹੋ ਗਿਆ ਕਿ ਦੁਨੀਆਂ ਦਾ ਕੋਈ ਹੋਰ ਮੁਲਕ ਵੀ ਇੰਨਾ ਗੰਦਾ ਹੋਊ। ਥਾਂ-ਥਾਂ ਕੂੜੇ ਦੇ ਢੇਰ। ਬਾਹਰ ਜਾਉ ਤਾਂ ਟਰੈਫਿਕ ਦਾ ਬੁਰਾ ਹਾਲ। ਨਾ ਕਿਸੇ ਨੂੰ ਗੱਡੀ ਚਲਾਉਣੀ ਆਉਂਦੀ ਆ। ਜਿੱਧਰ ਦਿਲ ਕਰਦੈ, ਕਾਰ, ਸਕੂਟਰ ਮੋੜ ਲੈਂਦੇ ਆ। ਮੇਰੇ ਤਾਂ ਕਾਰਾਂ, ਸਕੂਟਰਾਂ, ਟਰੱਕਾਂ ਦੇ ਹੌਰਨਾਂ ਨੇ ਕੰਨ ਬੋਲੇ ਕਰਤੇ। ਕੀ ਉਥੇ ਕਿਸੇ ਨੇ ਡਰਾਈਵਿੰਗ ਪਾਸ ਵੀ ਕੀਤੀ ਹੁੰਦੀ ਆ?" ਮੈਂ ਕਿਹਾ, 'ਸੰਦੀਪ, ਉਸ ਮੁਲਕ ਦਾ ਤਾਂ ਬਸ.... ਆਵਾ ਈ ਊਤਿਆ ਪਿਐ। ਉਥੇ ਕੋਈ ਡਰਾਈਵਿੰਗ ਨਹੀਂ ਸਿੱਖਦੈ ਅਤੇ ਨਾ ਈ ਇਥੇ ਵਾਂਗ ਡਰਾਈਵਿੰਗ ਟੈਸਟ ਹੁੰਦੈ। ਲਾਇਸੈਂਸ ਘਰ ਬੈਠੇ ਈ ਪੈਸੇ ਦੇ ਕੇ ਮਿਲ ਜਾਂਦੈ। ਥਾਂ-ਥਾਂ ਚੋਰ ਬਜ਼ਾਰੀ ਆ। ਜਿੰਨ੍ਹੀ ਹੇਰਾਫੇਰੀ ਉਸ ਮੁਲਕ 'ਚ ਆ ਸ਼ਾਇਦ ਈ ਕਿਤੇ ਹੋਵੇ। ਜਦੋਂ ਕਿ ਥਾਂ ਥਾਂ ਗੁਰਦੁਆਰੇ, ਮੰਦਰ, ਮਸੀਤਾਂ ਅਤੇ ਸਾਧ ਬਾਬਿਆਂ ਦੇ ਡੇਰੇ ਆ। ਲੋਕ ਆਪਣੇ-ਆਪ ਨੂੰ ਧਾਰਮਿਕ ਕਹਾਉਂਦੇ ਆ ਪਰ ਧਾਰਮਿਕ ਅਸੂਲਾਂ ਤੋਂ ਕੋਹਾਂ ਦੂਰ ਆ। ਪਾਖੰਡ, ਡਬਲ ਸਟੈਂਡਰਡ ਅਤੇ ਦਿਖਾਵੇ ਵਿਚ ਆਪਣੇ ਲੋਕਾਂ ਦਾ ਦੁਨੀਆਂ ਵਿਚ ਕੋਈ ਮੁਕਾਬਲਾ ਨਹੀਂ ਕਰ ਸਕਦੈ। ਲਾਇਸੈਂਸ ਤਾਂ ਉਥੇ "ਲੋਕਾਂ ਨੂੰ ਮਾਰਨ" ਦਾ ਮਿਲਦੈ। ਜਨਤਾ ਇਨ੍ਹੀ ਮੂਰਖ ਆ ਕਿ ਜੇਕਰ ਕਿਸੇ ਔਂਤਰੇ ਮੋੜ ਤੇ ਜ਼ਿਆਦਾ ਐਕਸੀਡੈਂਟ ਹੁੰਦੇ ਆ ਉਥੇ ਪਾਠ ਪੂਜਾ ਸ਼ੁਰੂ ਕਰ ਦਿੰਦੇ ਨੇ ਨਾ ਕਿ ਉਸ ਮੋੜ ਵਾਲੀ ਥਾਂ ਨੂੰ ਸੁਰੱਖਿਅਤ ਕਰਨ ਅਤੇ ਐਕਸੀਡੈਂਟ ਦੇ ਕਾਰਨਾਂ ਨੂੰ ਲੱਭਣ। ਸ਼ਰਾਬ, ਅਫ਼ੀਮ, ਜ਼ਰਦਾ ਅਤੇ ਹੋਰ ਨਸ਼ੇ ਖਾ ਕੇ ਲੋਕੀਂ ਬਿਨਾਂ ਲਾਇਸੈਂਸ, ਇਨਸ਼ੋਰੈਂਸ ਅਤੇ "ਬੰਦੇਮਾਰ ਲਾਇਸੈਂਸ" ਨਾਲ ਕਾਰਾਂ, ਸਕੂਟਰ, ਬੱਸਾਂ ਅਤੇ ਟਰੱਕਾਂ ਨੂੰ ਦੱਬੀ ਫਿਰਦੇ ਆ।"

ਸੰਦੀਪ ਕਹਿਣ ਲੱਗਾ, 'ਇਕ ਹੋਰ ਡਰਾਮਾ ਵੀ ਤੁਸੀਂ ਦੇਖਿਆ ਹੋਣੈ। ਪਿੰਡ ਰਹਿੰਦਿਆਂ ਤੜਕੇ ਚਾਰ ਕੁ ਵਜੇ ਜਦੋਂ ਮਾੜੀ-ਮੋਟੀ ਨੀਂਦ ਆਉਣੀ ਸ਼ੁਰੂ ਹੁੰਦੀ ਐ ਤਾਂ ਗੁਰਦੁਆਰਿਆਂ ਤੇ ਮੰਦਿਰਾਂ ਤੋਂ ਸਪੀਕਰ ਬੋਲਣ ਲੱਗ ਪੈਂਦੇ ਆ। ਭਲਾਂ ਇਨ੍ਹਾਂ ਨੂੰ ਕੋਈ ਪੁੱਛੇ ਕਿ ਸਪੀਕਰਾਂ ਦੀ ਕੀ ਲੋੜ ਆ? ਜਿਹਨੇ ਗੁਰਦੁਆਰੇ ਜਾਣੈ, ਉਹ ਆਪੇ ਚਲਾ ਜਾਵੇ, ਬਾਕੀ ਲੋਕਾਂ ਨੂੰ ਕਿਉਂ ਤੰਗ ਕਰਦੇ ਆ? ਇਸੇ ਕਰਕੇ ਮੈਂ ਤਾਂ ਲਾਏ ਕੰਨਾਂ ਨੂੰ ਹੱਥ ਕਿ ਮੈਂ ਮੁੜ ਕਦੇ ਉਥੇ ਨਹੀਂ ਜਾਣੈ।"

ਮੈਂ ਹੁਣ ਸੰਦੀਪ ਨਾਲ ਗੱਲ ਕਰਕੇ ਭਾਂਪ ਲਿਆ ਕਿ ਮੁੰਡੇ ਨੂੰ ਕੋਈ ਬਿਮਾਰੀ ਨਹੀਂ। ਇਹ ਸਾਰਾ ਸਿਆਪਾ ਇਹਦੇ ਭਾਪੇ ਨੇ ਈ ਪਾਇਐ ਜੋ ਤੀਜੇ ਦਿਨ ਘਰ ਬਦਲਦਾ ਫਿਰਦੈ ਅਤੇ ਇਸ ਮਾਸੂਮ ਮੁੰਡੇ ਦਾ ਸਕੂਲ ਵੀ। ਮੈਨੂੰ ਦੇਸੀ ਡਾਕਟਰ ਦੀ ਨੀਅਤ ਵੀ ਮਾੜੀ ਲੱਗ ਰਹੀ ਸੀ। ਮੈਂ ਸੰਦੀਪ ਤੋਂ ਛੁੱਟੀ ਲਈ ਅਤੇ ਫਿਰ ਅਗਲੇ ਹਫ਼ਤੇ ਮਿਲਣ ਦਾ ਵਾਅਦਾ ਲਿਆ ਅਤੇ ਦਫਤਰ ਆ ਗਿਆ।

ਦਫਤਰ ਆ ਕੇ ਮੈਂ ਫੈਮਿਲੀ ਡਾਕਟਰ ਨਾਲ ਸੰਪਰਕ ਕੀਤੈ। ਦੇਸੀ ਡਾਕਟਰ ਨੂੰ ਮੈਂ ਪੁੱਛਿਆ ਕਿ, "ਤੁਸੀਂ ਸੰਦੀਪ ਨੂੰ ਪ੍ਰਾਈਵੇਟ ਕਿਉਂ ਦਿਖਾਉਣਾ ਚਾਹੁੰਦੇ ਹੋ?" ਡਾਕਟਰ ਬੋਲਿਆ, "ਮੈਂ ਡਾਕਟਰ ਆਂ, ਮੈਨੂੰ ਪਤੈ ਕਿਸ ਮਰੀਜ਼ ਨੂੰ ਕੀ ਕਰਨੈ?" ਮੈਂ ਕਿਹਾ, "ਡਾਕਟਰ ਸਾਹਿਬ, ਇਹ ਗੱਲ ਤਾਂ ਤੁਹਾਡੀ ਠੀਕ ਆ ਪਰ ਜਦ ਬਿਨਾਂ ਪ੍ਰਾਈਵੇਟ ਦੇ ਗੱਲ ਬਣ ਸਕਦੀ ਆ ਤਾਂ ਇਨ੍ਹਾਂ ਗਰੀਬਾਂ ਤੋਂ ਕਿਉਂ ਪੈਸੇ ਝਾੜੇ ਜਾ ਰਹੇ ਆ? ਬਾਈ ਦੇ ਵੇਅ, ਮੈਂ ਤੁਹਾਨੂੰ ਧਮਕੀ ਨਈਂ ਸਗੋਂ ਜਾਣਕਾਰੀ ਦੇਣੀ ਚਾਹੁਨੈਂ ਕਿ ਮੈਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖਦੈਂ ਅਤੇ ਮੈਂ ਇਸ ਮਾਮਲੇ ਦੀ ਤਹਿ 'ਚ ਜਾਣਾ ਚਾਹੁਨੈਂ ਕਿ ਅਸਲੀ ਕਹਾਣੀ ਕੀ ਆ? ਮੈਂ ਤੁਹਾਡੇ ਦੱਸੇ ਮਨੋਵਿਗਿਆਨਕ ਵੱਡੇ ਡਾਕਟਰ ਨੂੰ ਵੀ ਜਾਣਦੈਂ ਅਤੇ ਮੈਂ ਉਹਨੂੰ ਵੀ ਉਹਦੇ ਪ੍ਰਾਈਵੇਟ ਕੰਮ ਬਾਰੇ ਹੁਣ ਪੁੱਛਣੈਂ।"

ਦੇਸੀ ਡਾਕਟਰ ਨੇ ਫੋਨ ਰੱਖ ਦਿੱਤਾ। ਮੈਂ ਮਨੋਵਿਗਿਆਨਕ ਡਾਕਟਰ ਦਾ ਫੋਨ ਘੁੰਮਾਇਆ ਪਰ ਉਹ ਨਾ ਮਿਲਿਆ। ਮੈਂ ਸੰਦੇਸ਼ ਛੱਡ ਦਿੱਤਾ ਕਿ ਜਦ ਉਹਦੀ ਵਿਹਲ ਹੋਵੇ ਮੈਨੂੰ ਫੋਨ ਕਰੇ। ਪਰ ਕਈ ਸੰਦੇਸ਼ ਛੱਡਣ ਦੇ ਬਾਵਜੂਦ ਇਸ ਵੱਡੇ ਡਾਕਟਰ ਦਾ ਮੈਨੂੰ ਫੋਨ ਨਾ ਆਇਆ। ਸ਼ਾਇਦ ਉਹਨੂੰ ਪਤਾ ਲੱਗ ਗਿਆ ਸੀ ਕਿ ਉਹਦੇ ਭਾਂਡੇ ਹਿੱਲ ਗਏ ਆ ਅਤੇ ਫੋਨ ਨਾ ਕਰਨ 'ਚ ਈ ਬਿਹਤਰੀ ਆ।

ਮੈਂ ਸੰਦੀਪ ਦੇ ਮਾਂ-ਬਾਪ ਨੂੰ ਇਕੱਲਿਆਂ ਫਿਰ ਮਿਲਿਆ ਅਤੇ ਉਨ੍ਹਾਂ ਨੂੰ ਦੱਸਿਆ ਕਿ, "ਸੰਦੀਪ ਨੂੰ ਕੋਈ ਮਾਨਸਿਕ ਬੀਮਾਰੀ ਨਈਂ। ਇਹ ਸਾਰਾ ਕੁਝ ਉਨ੍ਹਾਂ ਦੀ ਮਿਹਰਬਾਨੀ ਕਰਕੇ ਹੋਇਐ। ਮੁੰਡਾ ਇਕੱਲਾ ਮਹਿਸੂਸ ਕਰਦੈ। ਘਰ 'ਚ ਉਹਨੂੰ ਟੀ.ਵੀ. ਦੇਖਣ ਦਿਆ ਕਰੋ। ਰੇਡੀਓ, ਟੇਪ ਰਿਕਾਰਡ ਸੁਣਨ ਦਿਉ। ਸਵਿਮਿੰਗ ਲੈ ਕੇ ਜਾਇਆ ਕਰੋ ਅਤੇ ਉਹ ਕਹਿ ਰਿਹਾ ਸੀ ਕਿ ਮੈਨੂੰ ਫੁੱਟਬਾਲ ਦਾ ਸ਼ੌਕ ਆ, ਉਹਨੂੰ ਫੁੱਟਬਾਲ ਖੇਡਣ ਦਿਉ। ਮੈਂ ਉਹਨੂੰ ਤਿੰਨ-ਚਾਰ ਵਾਰ ਹੋਰ ਮਿਲੂੰਗਾ ਅਤੇ ਤੁਹਾਨੂੰ ਵੀ ਸਭ ਕੁੱਝ ਦੱਸਦਾ ਰਹੂੰਗਾ। ਜਿਥੋਂ ਤੱਕ ਡਾਕਟਰ ਨੂੰ ਦਿਖਾਉਣ ਵਾਲੀ ਗੱਲ ਆ। ਇਸ ਬਾਰੇ ਬਿਲਕੁੱਲ ਭੁੱਲ ਜਾਉ। ਤੁਹਾਡਾ ਫੈਮਿਲੀ ਡਾਕਟਰ ਅਤੇ ਇਹ ਵੱਡਾ ਮਨੋਵਿਗਿਆਨਕ ਡਾਕਟਰ ਆਪਸ 'ਚ ਮਿਲੇ ਹੋਏ ਆ ਅਤੇ ਤੁਹਾਨੂੰ ਲੁੱਟਣਾ ਚਾਹੁੰਦੇ ਆ। ਤੁਸੀਂ ਇਸ ਫੈਮਿਲੀ ਡਾਕਟਰ ਨੂੰ ਬਦਲ ਲਉ। ਆਹ ਲਉ ਇਕ ਹੋਰ ਡਾਕਟਰ ਦਾ ਐਡਰੈਸ, ਇਹ ਕਹਿੰਦੇ ਚੰਗਾ ਆ। ਇਹ ਲੋਕਾਂ ਤੋਂ ਸਿੱਕਨਿਸ ਫਾਰਮਾਂ ਜਾਂ ਪਾਸਪੋਰਟ ਦੇ ਫਾਰਮਾਂ ਤੇ ਦਸਤਖਤ ਕਰਨ ਦੇ ਵੀ ਪੈਸੇ ਨਈਂ ਲੈਂਦਾ ਜਦੋਂ ਕਿ ਕਈ ਡਾਕਟਰ 10-10, 20-20 ਪੌਂਡ ਲੈ ਲੈਂਦੇ ਆ। ਸਕੂਲ ਵਾਲਿਆਂ ਨਾਲ ਵੀ ਮੈਂ ਗੱਲ ਕਰਾਂਗਾ ਕਿ ਉਹ ਸੰਦੀਪ ਦਾ ਖਿਆਲ ਰੱਖਣ। ਮੈਂ ਹੈੱਡਟੀਚਰ ਨੂੰ ਮਿਲ ਕੇ ਗੱਲ ਕਰਾਂਗਾ। ਨਾਲੇ ਇਕ ਹੋਰ ਗੱਲ, ਕਿਸੇ ਸਾਧ ਬਾਬੇ ਕੋਲ ਬਿਲਕੁਲ ਨਹੀਂ ਜਾਣੈ। ਇਹ ਤੁਹਾਨੂੰ ਲੁੱਟ ਕੇ ਖਾ ਜਾਣਗੇ। ਇਹ ਅਣਪੜ੍ਹ ਥੋਥੇ ਪਹਿਲਾਂ ਆਪਣਾ ਅਤੇ ਆਪਣੇ ਘਰਦਿਆਂ ਦਾ ਤਾਂ ਅੱਗਾ ਸੁਆਰ ਲੈਣ। ਜੇ ਇਨ੍ਹਾਂ ਕੋਲ ਕੋਈ ਤਾਕਤ ਹੋਵੇ ਤਾਂ ਬੀਮਾਰ ਹੋਣ ਤੇ ਡਾਕਟਰ ਕੋਲ ਕਿਉਂ ਜਾਂਦੇ ਆ? ਇਨ੍ਹਾਂ ਖ਼ੂਨ ਚੂਸ ਜੋਕਾਂ ਤੋਂ ਬਚੋ। ਤੁਸੀਂ ਇਕ-ਦੋ ਚੰਗੀਆਂ ਫੈਮਲੀਆਂ ਨੂੰ ਮਿਲਿਆ-ਗਿਲਿਆ ਕਰੋ ਜਿਨ੍ਹਾਂ ਦੇ ਸੰਦੀਪ ਦੇ ਹਾਣ ਦੇ ਨਿਆਣੇ ਹੋਣ। ਨਿਆਣੇ ਇਕ-ਦੂਜੇ ਨਾਲ ਆਪਣਾ ਦੁੱਖ-ਸੁੱਖ ਆਪਣੇ ਵਾਂਗ ਈ ਸਾਂਝਾ ਕਰਦੇ ਆ। ਨਾਲੇ ਕੱਲ੍ਹ ਨੂੰ ਆਪਾਂ ਸੰਦੀਪ ਨੂੰ ਵਿਆਉਣਾ ਵੀ ਤਾਂ ਆ।"

ਮੇਰੀਆਂ ਗੱਲਾਂ ਸੁਣ ਸੰਦੀਪ ਦੀ ਮਾਂ ਭਾਵੁਕ ਹੋ ਖੁਸ਼ੀ ਦੀ ਮਾਰੀ ਰੋਣ ਲੱਗ ਪਈ, "ਪੁੱਤਾ ਤੂੰ ਜੀਉਂਦਾ-ਬਸਦਾ ਰਹਿ। ਤੂੰ ਸਾਨੂੰ ਬਚਾ ਲਿਆ। ਤੂੰ ਸਾਡੀ ਕੁਲ ਤਾਰ ਤੀ। ਸੰਦੀਪ ਵੀ ਪੁੱਤਾ ਤੇਰਾ ਨਿੱਕਾ ਵੀਰ ਆ। ਇਹਨੂੰ ਬਸ ਕਿਸੇ ਤਰ੍ਹਾਂ ਠੀਕ ਕਰਦੇ। ਜੋ ਤੂੰ ਕਹਿੰਦੈ ਅਸੀਂ ਇੱਦਾਂ ਈ ਕਰਾਂਗੇ।"

ਸੰਦੀਪ ਦੇ ਬਾਪ ਨੇ ਵੀ ਮੈਨੂੰ ਜੱਫੀ 'ਚ ਲੈ ਲਿਆ। "ਕਾਕਾ ਤੇਰਾ ਲੇਖਾ ਅਸੀਂ ਕਿਥੇ ਦੇਵਾਂਗੇ?" ਮੈਂ ਕਿਹਾ, "ਤੁਸੀਂ ਫਿਕਰ ਨਾ ਕਰੋ, ਬਸ ਸਭ ਠੀਕ ਹੋ ਜਾਣੈਂ। ਤੁਸੀਂ ਅੱਜ ਈ ਜਾ ਕੇ ਪਹਿਲਾਂ ਇਸ ਦੇਸੀ ਡਾਕਟਰ ਦਾ ਫਸਤਾ ਵੱਢੋ।"

ਮੈਂ ਵਿਦਾ ਲੈ ਕੇ ਵਾਪਿਸ ਦਫ਼ਤਰ ਆ ਗਿਆ। ਇਸ ਤੋਂ ਬਾਅਦ ਮੈਂ ਸਕੂਲ ਨਾਲ ਸੰਪਰਕ ਕਰਕੇ ਦੋ ਤਿੰਨ ਵਾਰ ਕਲਾਸ ਟੀਚਰ ਅਤੇ ਹੈੱਡਮਾਸਟਰ ਨੂੰ ਮਿਲਿਆ ਕਿ ਸੰਦੀਪ ਨੂੰ ਸਕੂਲ ਵਿਚ ਬੁਲਇੰਗ (2 ”✶✶▲9©7) ਹੁੰਦੀ ਆ। ਉਹ ਇਸ ਗੱਲ ਦਾ ਖਿਆਲ ਰੱਖਣ। ਨਾਲੇ ਸੰਦੀਪ ਨੂੰ ਫੁੱਟਬਾਲ ਟੀਮ ਦਾ ਮੈਂਬਰ ਬਣਾ ਲੈਣ। ਉਨ੍ਹਾਂ ਮੇਰੀਆਂ ਗੱਲਾਂ ਮੰਨ ਲਈਆਂ।

ਮੈਂ ਸੰਦੀਪ ਨੂੰ ਬਾਅਦ 'ਚ ਕਈ ਵਾਰ ਮਿਲਿਆ। ਉਹਨੂੰ ਕਦੇ ਕਿਸੇ ਕੌਫੀ ਹਾਊਸ 'ਚ ਲੈ ਜਾਣੈ ਅਤੇ ਕਦੇ ਕਿਸੇ ਰੈਸਟੋਰੈਂਟ ਵਿਚ ਤਾਂ ਕਿ ਉਹਦੇ ਨਾਲ ਹੋਰ ਨੇੜਤਾ ਹੋ ਸਕੇ ਅਤੇ ਉਹਦੇ ਵਿਚ ਆਤਮਵਿਸ਼ਵਾਸ ਵਧ ਸਕੇ।


ਮੇਰੀਆਂ ਮੁਲਾਕਾਤਾਂ, ਸਕੂਲ ਅਤੇ ਸੰਦੀਪ ਦੇ ਮਾਂ-ਪਿਉ ਦੇ ਸਹਿਯੋਗ ਨੇ ਦੋ ਕੁ ਮਹੀਨਿਆਂ ਵਿਚ ਈ ਸੰਦੀਪ ਨੂੰ ਠੀਕ ਕਰ ਦਿੱਤਾ। ਜਦ ਮੈਂ ਸੰਦੀਪ ਦਾ ਕੇਸ ਬੰਦ ਕੀਤਾ, ਉਸ ਵੇਲੇ ਉਹਦੇ ਕਲਾਸ ਵਿਚ ਦੋਸਤ ਬਣ ਗਏ ਸਨ ਅਤੇ ਉਹਦਾ ਪੜ੍ਹਾਈ ਤੋਂ ਬਿਨ੍ਹਾਂ ਫੁੱਟਬਾਲ ਵਿਚ ਵੀ ਹੁਣ ਪਹਿਲਾ ਨੰਬਰ ਸੀ। ਉਹ ਘਰ ਆ ਕੇ ਵੀਕ ਵਿਚ ਦੋ ਵਾਰ ਸਵਿਮਿੰਗ ਜਾਣ ਲੱਗ ਪਿਆ ਸੀ ਅਤੇ ਸਕੂਲ ਦਾ ਹੋਮਵਰਕ ਪੂਰਾ ਕਰਕੇ ਸਕੂਲ ਜਾਂਦਾ ਸੀ। ਮਾਪਿਆਂ ਇਕ ਦੋ ਪਰਿਵਾਰਾਂ ਨਾਲ ਨੇੜਤਾ ਵਧਾ ਲਈ ਸੀ ਅਤੇ ਉਨ੍ਹਾਂ ਇਕ-ਦੂਜੇ ਦੇ ਘਰ ਆਉਣਾ-ਜਾਣਾ ਸ਼ੁਰੂ ਕਰ ਦਿੱਤਾ ਸੀ। ਸੰਦੀਪ ਹੁਣ ਘਰ 'ਚ ਟੀ.ਵੀ. ਦੇਖਦਾ ਅਤੇ ਰੇਡੀਓ, ਟੇਪ ਰੀਕਾਰਡ ਵੀ ਸੁਣਦਾ ਸੀ। ਸਭ ਤੋਂ ਵਧੀਆ ਗੱਲ ਇਹ ਹੋਈ ਕਿ ਉਨ੍ਹਾਂ ਫੈਮਿਲੀ ਡਾਕਟਰ ਬਦਲ ਲਿਆ ਸੀ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ, "ਸ਼ਿਕਾਇਤ ਮੈਂ ਲਿਖ ਦਿੰਦਾਂ ਬਸ ਉਹ ਦਸਤਖਤ ਕਰ ਦੇਣ ਫਿਰ ਦੇਖਣ ਕਿ ਕਿਵੇਂ ਮੈਂ ਇਸ ਡਾਕਟਰ ਅਤੇ ਭਾਈਵਾਲ ਮਨੋਵਿਗਿਆਨਕ ਵੱਡੇ ਦੇਸੀ ਡਾਕਟਰ ਨੂੰ ਕਚਿਹਰੀ 'ਚ ਘੜੀਸਦਾਂ।" ਪਰ ਉਹ ਕਹਿਣ ਲੱਗੇ, "ਕਾਕਾ ਜਾਣਦੇ, ਰੱਬ ਆਪੇ ਸਜ਼ਾ ਦਊ।" ਮੇਰੀ ਆਖ਼ਰੀ ਮੁਲਾਕਾਤ ਵੇਲੇ ਸੰਦੀਪ ਦੀ ਮਾਂ ਦਾ ਗੱਚ ਭਰ ਆਇਆ, "ਪੁੱਤਾ ਤੂੰ ਸਾਡੀ ਕੁਲ ਤਾਰ ਤੀ। ਵਾਹਗੁਰੂ ਤੇਰਾ ਭਲਾ ਕਰੇ।"

**ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ**


iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...
Ph: 0800 03 03 99 | Mob: 021 670 590
Email: icolourgraphics@gmail.com
Unit 5/2 Tironui Station Road West, Takanini


Beautiful Smiles For Life...
CLENDON DENTAL CENTRE LTD
15 Palmers Road Clendon, Auckland
Ph: 09 266 0769, Mob: 022 040 9399
PAPATOETOE FAMILY DENTIST
133 Kolmar Road Papatoetoe, Auckland
(Inside East Tamaki Health Care)
Ph: 09 279 9100, Mob: 021 659 934
ਇਥੇ ਹਰ ਤਰਾਂ ਦੇ ਦੰਦਾਂ ਦਾ ਇਲਾਜ ਕੀਤਾ ਜਾਂਦਾ ਹੈ।
Dr. Inderpal Singh (BDS)
Dr. Kiranpal Kaur (BDS)
ਆਪਣੀ ਪੰਜਾਬੀ ਭਾਸ਼ਾ ਬੋਲਣ ਵਾਲੇ ਡਾਕਟਰਾਂ ਨਾਲ ਗੱਲ ਕਰੋ।
FREE WINZ QUOTES & ACC ACCIDENTS
Mon to Fri: 9.00am - 6.00pm


ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ
ਹੋਮਿਓਪੈਥੀ ਕੈਂਪ
HOMEOPATHY CAMP
ਹਰ ਐਤਵਾਰ ਦੁਪਹਿਰ 1 ਤੋਂ 3 ਵਜੇ ਤੱਕ
ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ
70 ਟਾਕਾਨੀਨੀ ਸਕੂਲ ਰੋਡ, ਟਾਕਾਨੀਨੀ
ਮੁਫਤ ਚੈੱਕਅਪ
ਮੁਫਤ ਦਵਾਈਆਂ
Dr. Preet
SUPREME SIKH SOCIETY OF NEW ZEALAND


UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.
HOMEOPATHY
Universal Homeopathic NZ Ltd
ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।
DR PREET
Consultant and Physician
Visit
UNIVERSAL HOMEOPATHIC NZ LTD. AUCKLAND
ACNE
ASTHMA
DEPRESSION
DIABETES
GALLSTONES
GOUT
HAIR LOSS
INDIGESTION
MIGRAINE
OBESITY
PILES
PIMPLES
WORMS
STRESS
415, Great South Road
info@naturallyhealth.co.nz
P: 021-1256-356

(ਪੰਨਾ 1 ਦੀ ਬਾਕੀ)




# ਨਿਊਜ਼ੀਲੈਂਡ ਦੇ ਮਾਓਰੀ ਕਿੰਗ ਦੀ ਮੌਤ, 18 ਸਾਲ ਤੱਕ ਕੀਤਾ ਸ਼ਾਸਨ

ਮੂਵਮੈਂਟ, ਕੀਨਗੀਟੰਗਾ ਦੇ ਬੁਲਾਰੇ ਰਾਹੂਈ ਪਾਪਾ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਦੱਸਿਆ ਕਿ ਦਿਲ ਦੀ ਸਰਜਰੀ ਤੋਂ ਬਾਅਦ ਤੂਹੀਤੀਆ ਦੀ ਹਸਪਤਾਲ ਵਿੱਚ ਮੌਤ ਹੋ ਗਈ।

ਤੂਹੀਤੀਆ ਸੱਤਵਾਂ ਕਿਨਗਿਤੰਗਾ ਬਾਦਸ਼ਾਹ ਸੀ। ਇਹ ਸਥਿਤੀ 1858 ਵਿੱਚ ਪੂਟਾਟੌ ਤੇ ਵੇਰੋਹੇਰੋ ਦੀ ਅਗਵਾਈ ਵਿੱਚ ਨਿਊਜ਼ੀਲੈਂਡ ਦੇ ਸਾਰੇ ਸਵਦੇਸ਼ੀ ਮਾਓਰੀ ਕਬੀਲਿਆਂ ਨੂੰ ਇੱਕਜੁੱਟ ਕਰਨ ਲਈ ਬਣਾਈ ਗਈ ਸੀ। ਵਾਈਕਾਟੋ-ਤੈਨੂਈ ਕਬੀਲੇ ਦੀ ਵੈੱਬਸਾਈਟ ਨੇ ਕਿਹਾ ਕਿ ਕਿਨਗਿਤੰਗਾ ਦੇ ਮੁੱਖ ਟੀਚੇ ਗੈਰ-ਆਦੀਵਾਸੀ ਲੋਕਾਂ ਨੂੰ ਜ਼ਮੀਨ ਦੀ ਵਿਕਰੀ ਨੂੰ ਖਤਮ ਕਰਨਾ, ਅੰਤਰ-ਕਬਾਇਲੀ ਯੁੱਧ ਨੂੰ ਰੋਕਣਾ ਅਤੇ ਬ੍ਰਿਟਿਸ਼ ਬਸਤੀਵਾਦ ਦੇ ਮੱਦੇਨਜ਼ਰ ਮਾਓਰੀ ਸੱਭਿਆਚਾਰ ਦੀ ਸੰਭਾਲ ਲਈ ਇੱਕ ਸਪਰਿੰਗ ਬੋਰਡ ਪ੍ਰਦਾਨ ਕਰਨਾ ਸੀ। ਨਿਊਜ਼ੀਲੈਂਡ ਜਿੱਥੇ ਮਾਓਰੀ ਘੱਟ ਗਿਣਤੀ ਹਨ, ਬਾਦਸ਼ਾਹ ਦੀ ਭੂਮਿਕਾ ਵੱਡੀ ਪੱਧਰ 'ਤੇ ਰਸਮੀ ਪਰ ਮਹੱਤਵਪੂਰਨ ਹੁੰਦੀ ਹੈ ।

# ਰਸਾਇਣ ਨਾਲ ਭਰੇ ਟਰੱਕ 'ਚ ਜ਼ੋਰਦਾਰ ਧਮਾਕਾ, ਇਕ ਵਿਅਕਤੀ ਦੀ ਮੌਤ

ਬੋਰੋਰੇਨ ਦੇ ਛੋਟੇ ਜਿਹੇ ਕਸਬੇ ਦੇ ਵਸਨੀਕਾਂ ਨੂੰ ਕੁਈਨਜ਼ਲੈਂਡ ਪੁਲਸ ਦੁਆਰਾ ਤੁਰੰਤ ਉੱਥੋਂ ਜਾਣ ਲਈ ਕਿਹਾ ਗਿਆ, ਜਦੋਂ 42 ਟਨ ਅਮੋਨੀਅਮ ਨਾਈਟ੍ਰੇਟ ਲੈ ਕੇ ਜਾ ਰਿਹਾ ਇੱਕ ਬੀ-ਡਬਲ ਟੈਂਕਰ ਨੇੜਲੇ ਹਾਈਵੇਅ 'ਤੇ ਇੱਕ ਹੋਰ ਵਾਹਨ ਨਾਲ ਟਕਰਾ ਗਿਆ, ਜਿਸ ਨਾਲ ਇੱਕ ਵੱਡਾ ਧਮਾਕਾ ਹੋਇਆ। ਸਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਦੂਜੇ ਵਾਹਨ ਦੇ ਡਰਾਈਵਰ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਟਰੱਕ ਡਰਾਈਵਰ ਜਿਸ ਨੂੰ ਅੱਗ ਲੱਗਣ ਤੋਂ ਥੋੜ੍ਹੀ ਦੇਰ ਪਹਿਲਾਂ ਰਾਹਗੀਰਾਂ ਦੁਆਰਾ ਵਾਹਨ ਤੋਂ ਬਾਹਰ ਕੱਢਿਆ ਗਿਆ ਸੀ, ਨੂੰ ਢਿੱਡ ਅਤੇ ਲੱਤ ਵਿੱਚ ਗੰਭੀਰ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ।

ਕਰੈਸ਼ ਵਾਲੀ ਥਾਂ ਦੇ ਆਲੇ-ਦੁਆਲੇ ਇੱਕ ਬੇਦਖਲੀ ਜ਼ੋਨ ਬਣਾ ਦਿੱਤਾ ਗਿਆ ਅਤੇ ਜ਼ੋਨ ਅੰਦਰ ਸਾਰੇ ਨਿਵਾਸੀਆਂ ਨੂੰ ਖੇਤਰ ਖਾਲੀ ਕਰਨ ਲਈ ਕਿਹਾ ਗਿਆ। ਜਿਹੜੇ ਲੋਕ ਬਾਹਰ ਨਹੀਂ ਜਾ ਸਕਦੇ ਸਨ ਉਨ੍ਹਾਂ ਨੂੰ ਘਰ ਦੇ ਅੰਦਰ ਰਹਿਣ, ਸਾਰੀਆਂ ਖਿੜਕੀਆਂ ਅਤੇ ਦਰਵਾਜ਼ੇ ਬੰਦ ਕਰਨ ਅਤੇ ਏਅਰ ਕੰਡੀਸ਼ਨਿੰਗ ਯੂਨਿਟਾਂ ਨੂੰ ਬੰਦ ਕਰਨ ਲਈ ਕਿਹਾ ਗਿਆ। ਕੁਈਨਜ਼ਲੈਂਡ ਪੁਲਸ ਦੇ ਕਾਰਜਕਾਰੀ ਸੁਪਰਡੈਂਟ ਮਾਰਕ ਬਰਗੇਸ ਨੇ ਕਿਹਾ ਕਿ ਧਮਾਕੇ ਦਾ ਘੇਰਾ ਲਗਭਗ 500 ਮੀਟਰ ਸੀ। ਕੋਈ ਹੋਰ ਲੋਕ ਜ਼ਖਮੀ ਨਹੀਂ ਹੋਏ ਅਤੇ ਕਿਸੇ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਿਆ ਪਰ ਬਿਜਲੀ ਦੀਆਂ ਲਾਈਨਾਂ ਡਿੱਗ ਪਈਆਂ ਅਤੇ ਨੇੜਲੇ ਰੇਲ ਕੋਰੀਡੋਰ 'ਤੇ ਅੱਗ ਲੱਗ ਗਈ। ਬਰੂਸ ਹਾਈਵੇਅ, ਬ੍ਰਿਸਬੇਨ ਨੂੰ ਦੂਰ ਉੱਤਰੀ ਸ਼ਹਿਰ ਕੇਅਰਨਜ਼ ਨਾਲ ਜੋੜਨ ਵਾਲਾ ਇੱਕ ਪ੍ਰਮੁੱਖ ਹਾਈਵੇਅ, ਦੋਵਾਂ ਦਿਸ਼ਾਵਾਂ ਵਿੱਚ ਬੰਦ ਕਰ ਦਿੱਤਾ ਗਿਆ।ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੇ ਦੱਸਿਆ ਕਿ ਕੁਈਨਜ਼ਲੈਂਡ ਫਾਇਰ ਐਂਡ ਰੈਸਕਿਊ ਧਮਾਕੇ ਵਾਲੀ ਥਾਂ 'ਤੇ ਵਿਗਿਆਨਕ ਜਾਂਚ ਕਰ ਰਿਹਾ ਹੈ।

**NZ INDIAN SPORTS & CULTURAL CLUB INC.**
P.O. Box 27410, Mt Roskill, Auckland - 1440
NZBN - 9429051471545
Ph: 09-390 0004, Email: nzindianclub@gmail.com

**Organising Committee**

**Hardev Singh Brar**
President
+64274427338
Email. hardevbrar@gmail.com

**Hardev Mahinangal**
Vice President
+642102612568
hardevmahinangal@gmail.com

**Jaswinder Brar**
Secretary
jassibrar2024@gmail.com

**Gurdeep Singh**
Treasurer
+64222786226
kalabrar@gmail.com

**Rubal Singh**
Cultural Secretary
021333350
Rubal.singh@raywhite.com

**Sarabjit Singh**
Sports Secretary
0210426837

**Panchpreet Dhillon**
Auditor
Panchpreetnz@gmail.com



# ਵਟਣੇ ਦੀ ਰਸਮ ਅਤੇ ਗੀਤ

ਕੁੜੀ ਵਾਲੇ ਘਰ ਵਟਣਾ ਅਤੇ ਗੀਤ:

ਵਿਆਹ ਵਾਲ਼ੇ ਘਰੋਂ ਨਾਈ ਭੇਜ ਕੇ ਸ਼ਰੀਕੇ-ਭਾਈਚਾਰੇ ਨੂੰ ਮਾਈਏਂ ਅਤੇ ਰਾਤ ਦੇ ਗਾਉਣ ਦਾ ਸੱਦਾ ਇੱਕਠਾ ਭੇਜਿਆ ਜਾਂਦਾ ਸੀ। ਵਿਆਹ ਤੋਂ ਦੋ ਦਿਨ ਪਹਿਲਾਂ ਦੋਵੇਂ ਪਾਸੇ ਵਟਣਾ ਲੱਗਦਾ ਸੀ। ਇਸ ਨੂੰ ਮਾਈਆਂ ਲਾਉਣਾ ਵੀ ਕਹਿੰਦੇ ਹਨ। ਇਹ ਰਸਮ ਅੱਜ ਵੀ ਹਰ ਥਾਂ ਹਰਮਨ ਪਿਆਰੀ ਹੈ। ਤੇਲ, ਹਲਦੀ, ਵਟਣੇ ਦੇ ਫ਼ੁੱਲ, ਵੇਸਣ ਅਤੇ ਕੇਸਰ ਮਿਲਾ ਕੇ ਵਟਣਾ ਤਿਆਰ ਕੀਤਾ ਜਾਂਦਾ ਹੈ। ਮਾਈਆਂ ਲਗਾਉਣ ਲਈ ਮਾਂ, ਭਾਬੀਆਂ, ਭੈਣਾਂ, ਚਾਚੀਆਂ, ਤਾਈਆਂ ਅਤੇ ਹੋਰ ਸਭ ਮਿੱਥੇ ਹੋਏ ਸਮੇਂ ਤੇ ਇਕੱਠੀਆਂ ਹੋ ਜਾਂਦੀਆਂ ਹਨ। ਪਹਿਲਾ ਮਾਈਆਂ ਸਵੇਰ ਨੂੰ ਅਤੇ ਦੂਜਾ ਮਾਈਆਂ ਸ਼ਾਮ ਨੂੰ ਸੂਰਜ ਢਲਣ ਤੋਂ ਪਹਿਲਾਂ ਲਗਾਇਆ ਜਾਂਦਾ ਹੈ। ਇਹ ਵਟਣਾ ਕੁੜੀ ਅਤੇ ਮੁੰਡੇ ਦਾ ਰੂਪ ਨਿਖਾਰਨ ਲਈ ਲਗਾਇਆ ਜਾਂਦਾ ਹੈ। ਨਿਰਸੰਦੇਹ ਅੱਜ ਕਲ੍ਹ ਇਸ ਮਕਸਦ ਲਈ ਬਿਊਟੀ ਪਾਰਲਰ ਆਪਣੀ ਅਹਿਮ ਭੂਮਿਕਾ ਨਿਭਾ ਰਹੇ ਹਨ। ਵਿਆਹ ਵਾਲੀ ਕੁੜੀ ਦਾ ਪਾਰਲਰ ਵਿਚ ਬਕਾਇਦਾ ਚਿਹਰਾ ਬਲੀਚ ਕਰਨ ਉਪਰੰਤ ਫ਼ੇਸ਼ੀਅਲ ਅਤੇ ਵੈਕਸਿੰਗ ਕੀਤੀ ਜਾਂਦੀ ਹੈ। ਇਸ ਸਭ ਦੇ ਬਾਵਜੂਦ ਵਟਣੇ ਦੀ ਰਸਮ ਦਾ ਆਪਣਾ ਮਹੱਤਵ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਵਿਆਂਦੜ ਕੁੜੀ/ਮੁੰਡੇ ਨੂੰ ਮਾਈਆਂ ਲੱਗਣ ਤੋਂ ਬਾਅਦ ਨਹਾ-ਧੋ ਕੇ ਹੋਰ ਕੱਪੜੇ ਨਹੀਂ ਸੀ ਪਾਉਣ ਦਿੱਤੇ ਜਾਂਦੇ। ਇਸ ਨੂੰ 'ਮਾਈਏਂ ਪਾਉਣਾ' ਕਿਹਾ ਜਾਂਦਾ ਸੀ। ਇਹ ਸਮਝਿਆ ਜਾਂਦਾ ਸੀ ਕਿ ਦੋ ਦਿਨਾਂ ਤੋਂ ਬਾਅਦ ਇਸ ਤਰ੍ਹਾਂ ਕਰਨ ਨਾਲ ਵਿਆਹ ਵਾਲੇ ਦਿਨ ਵਾਹਵਾ ਰੂਪ ਚੜ੍ਹਦਾ ਹੈ।

ਮਾਈਆਂ ਲਗਾਉਣ ਤੋਂ ਪਹਿਲਾਂ ਆਟੇ ਨਾਲ ਚੌਂਕ ਪੂਰ ਕੇ ਉਸ ਉੱਪਰ ਅੱਟਾ ਬੰਨ੍ਹੀ ਚੌਂਕੀ (ਫੱਟੀ) ਰੱਖ ਜਾਂਦੀ ਸੀ। ਇਸ ਚੌਂਕੀ ਉੱਪਰ ਵਿਆਂਦੜ ਕੁੜੀ ਨੂੰ ਸ਼ਗਨਾਂ ਵਾਲੀ ਚੁੰਨੀ ਦੇ ਕੇ ਬਿਠਾ ਦਿੱਤਾ ਜਾਂਦਾ ਸੀ। ਕੁੜੀ ਦੇ ਹੱਥ ਤੇ 'ਕੰਙਣਾ' ਬੰਨ੍ਹਿਆਂ ਜਾਂਦਾ ਸੀ। ਕੁੜੀ ਤੇ ਮੁੰਡੇ ਦੇ ਪੈਰਾਂ ਦੀਆਂ ਤਲੀਆਂ ਹੇਠ ਰੁਪਈਏ ਰੱਖੇ ਜਾਂਦੇ ਸਨ। ਇਹ ਰੁਪਈਏ ਬਾਅਦ ਵਿਚ ਨੈਣ ਨੂੰ ਦੇ ਦਿੱਤੇ ਜਾਂਦੇ ਸਨ। ਚਾਰ ਜਣੀਆਂ ਉਸ ਦੇ ਸਿਰ ਉੱਪਰੋਂ ਸ਼ਗਨਾਂ ਵਾਲੀ ਚੁੰਨੀ ਜਾਂ ਫ਼ੁਲਕਾਰੀ ਵਿਚ 7 ਟਿੱਕੀਆਂ ਰੱਖ ਕੇ (ਚੰਦੋਆ) ਤਾਣਦੀਆਂ ਸਨ। ਮਾਂ ਪੀੜ੍ਹੀ ਤੇ ਬੈਠ ਕੇ ਵਿਆਂਦੜ ਦੇ ਵਟਣਾ ਮਲਣਾ ਸ਼ੁਰੂ ਕਰਦੀ ਸੀ ਅਤੇ ਬਾਕੀ ਸਭ ਦੁਆਲੇ ਘੇਰਾ ਬੰਨ੍ਹ ਕੇ ਗਾਉਣਾ ਸ਼ੁਰੂ ਕਰ ਦਿੰਦੀਆਂ ਸਨ। ਇਹ ਰਸਮ ਅਜੇ ਤੱਕ ਉਪਰੋਕਤ ਰੂਪ ਵਿਚ ਹੀ ਪ੍ਰਚੱਲਿਤ ਹੈ।

ਕੁੜੀ ਵਾਲੇ ਘਰ ਵਟਣੇ ਦੇ ਗੀਤ:

ਮੇਰੇ ਪੱਟ ਦਾ ਬੱਧਾ, ਸੱਜੇ ਹੱਥ ਦਾ ਬੱਧਾ।
ਮਾਂ ਸੁਹਾਗਣ ਨੇ ਬੰਨ੍ਹਿਆਂ, ਭਾਬੋ ਸੁਹਾਗਣ ਨੇ ਬੰਨ੍ਹਿਆਂ।
ਕੋਈ ਸਤਿਗੁਰਾਂ ਦੀ ਰੱਖ, ਕੰਙਣਾਂ ਬੰਨ੍ਹਿਆਂ ਹੋ।

ਵਾਹ ਵਾਹ ਕਟੋਰਾ ਵਟਣੇ ਦਾ, ਜਿੰਦੜੀ ਕਟੋਰਾ ਵਟਣੇ ਦਾ।
ਗੋ-ਗੋ ਕਟੋਰਾ ਵਟਣੇ ਦਾ, ਜਿੰਦੜੀ ਕਟੋਰਾ ਵਟਣੇ ਦਾ।
ਵਾਹ ਵਾਹ ਕਿ ਗੋ ਰਹੀਆਂ ਦੋ ਜਣੀਆਂ, ਜਿੰਦੜੀ ਕਿ ਗੋ ਰਹੀਆਂ ਦੋ ਜਣੀਆਂ।
ਵਾਹ ਵਾਹ ਮਲ਼ੇਂਦੀਆਂ ਦੋ ਜਣੀਆਂ, ਜਿੰਦੜੀ ਕਿ ਮਲ਼ੇਂਦੀਆਂ ਦੋ ਜਣੀਆਂ।
ਵਾਹ ਵਾਹ ਕਿ ਆਮ੍ਹੋ-ਸਾਮ੍ਹਣੀਆਂ, ਜਿੰਦੜੀ ਕਿ ਆਮ੍ਹੋ-ਸਾਮ੍ਹਣੀਆਂ।
ਵਾਹ ਵਾਹ ਕਿ ਜੇਠ ਜਠਾਨੜੀਆਂ, ਜਿੰਦੜੀ ਕਿ ਜੇਠ ਜਠਾਨੜੀਆਂ,
ਵਾਹ ਵਾਹ ਕਿ ਦੇਰ ਦਰਾਨੜੀਆਂ, ਜਿੰਦੜੀ ਕਿ ਦੇਰ ਦਰਾਨੜੀਆਂ।
ਵਾਹ ਵਾਹ ਕਿ ਸਕੀਆਂ ਭੈਨੜੀਆਂ, ਜਿੰਦੜੀ ਕਿ ਸਕੀਆਂ ਭੈਨੜੀਆਂ।
ਵਾਹ ਵਾਹ ਕਿ ਮੁੱਠ ਕੁ ਵੰਡਾਂ ਦੀ, ਜਿੰਦੜੀ ਕਿ ਮੁੱਠ ਕੁ ਵੰਡਾਂ ਦੀ।
ਵਾਹ ਵਾਹ ਕਿ ਪ੍ਰੀਤੋ ਭੰਡਾਂ ਦੀ, ਜਿੰਦੜੀ ਕਿ ਪ੍ਰੀਤੋ ਭੰਡਾਂ ਦੀ।
ਵਾਹ ਵਾਹ ਕਿ ਮੁੱਠ ਕੁ ਦਾਣਿਆਂ ਦੀ, ਜਿੰਦੜੀ ਕਿ ਬਚਨੋ ਸਿਆਣਿਆਂ ਦੀ।
ਵਾਹ ਵਾਹ ਕਿ ਮੁੱਠ ਕੁ ਚੌਲਾਂ ਦੀ, ਜਿੰਦੜੀ ਕਿ ਮੁੱਠ ਕੁ ਚੌਲਾਂ ਦੀ।
ਵਾਹ ਵਾਹ ਕਿ ਚਿੰਤੀ ਰੌਲਾਂ ਦੀ, ਜਿੰਦੜੀ ਕਿ ਚਿੰਤੀ ਰੌਲਾਂ ਦੀ।
ਵਾਹ! ਵਾਹ! ਕਿ ਚਾਦਰ ਚਿੜੀਆਂ ਦੀ, ਜਿੰਦੜੀ ਕਿ ਚਾਦਰ ਚਿੜੀਆਂ ਦੀ।
ਵਾਹ! ਵਾਹ! ਕਿ ਰੌਣਕ ਕੁੜੀਆਂ ਦੀ, ਜਿੰਦੜੀ ਕਿ ਰੌਣਕ ਕੁੜੀਆਂ ਦੀ।

ਰਾਮਾ! ਕਾਹੇ ਦਾ ਤੇਲ ਕਾਹੇ ਦਾ ਵਟਣਾ,
ਮੇਰੀ ਲਾਡੋ ਦੇ ਅੰਗ ਲਗਾਈਏ।
ਸਰੋਂ ਦਾ ਤੇਲ ਫ਼ੁੱਲਾਂ ਦਾ ਵਟਣਾ,
ਇਸ ਲਾਡੋ ਦੇ ਅੰਗ ਲਗਾਈਏ।
ਰਾ ਪੁਰ ਤੇਲਣ, ਰਾ ਪੁਰ ਤੇਲਣ,
ਉਸ ਕੋਲੋਂ ਤੇਲ ਮੰਗਾਈਏ।
ਰਾ ਪੁਰ ਮਾਲਣ, ਰਾ ਪੁਰ ਮਾਲਣ,
ਉਸ ਕੋਲੋਂ ਫ਼ੁੱਲ ਮੰਗਾਈਏ।

ਅੱਜ ਪਹਿਲੜੇ ਮਾਂ ਗੋਹੜੇ, ਸੋਧਾਂ ਨੂੰ ਵਟਣਾ ਲਾਈਏ।
ਤੇਰੀ ਮਾਤਾ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਭੈਣ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਨੋਕ-ਝੋਕ ਵੀ ਹੁੰਦੀ ਹੈ;
ਤੇਰੀ ਭਾਬੀ ਸਪੁੱਤੜੀ, ਸੌ ਨਾਲ ਸੁੱਤੜੀ ਜਿਨ ਤੈਨੂੰ ਹੱਥ ਨਾ ਲਾਇਆ।
ਤੇਰੀ ਚਾਚੀ ਸਪੁੱਤੜੀ, ਸੌ ਨਾਲ ਸੁੱਤੜੀ ਜਿਨ ਤੈਨੂੰ ਹੱਥ ਨਾ ਲਾਇਆ।

ਪਹਿਲੇ ਸਮਿਆਂ ਵਿੱਚ ਉਸ ਤੋਂ ਬਾਆਦ ਮਾਂ ਕੁੜੀ ਦੇ ਮੂੰਹ ਵਿਚ ਘਿਓ-ਖੰਡ ਦੀਆਂ 7 ਬੁਰਕੀਆਂ (ਨਿਵਾਲੇ) ਪਾਉਂਦੀ ਸੀ। ਮਾਂ ਵਲੋਂ ਵਿਦਾ ਹੋ ਰਹੀ ਧੀ ਨੂੰ ਘਿਉ ਕਰੂਲੀਆਂ ਕਰਾਉਣ ਲਈ ਇਹ ਢੁੱਕਵਾਂ ਸਮਾਂ ਪ੍ਰਤੀਤ ਹੁੰਦਾ ਸੀ। ਅਜੋਕੇ ਸਮੇਂ ਵਿਚ ਘਿਓ-ਖੰਡ ਦੀ ਥਾਂ ਤੇ ਬੂੰਦੀ ਜਾਂ ਕੋਈ ਹੋਰ ਮਠਿਆਈ ਰੱਖੀ ਜਾਂਦੀ ਹੈ।

ਘੇ ਖਾਵੇ! ਘੇ ਖਾਵੇ!
ਕਲੀਅਰ!
ਦੁੱਧ ਪੀਵੇ,
ਧੰਨ ਗੋਰੜੀਏ!

ਇਸ ਤੋਂ ਬਾਅਦ ਸਭ ਤੋਂ ਪਹਿਲਾਂ ਮਾਂ ਵਾਰਨਾ ਕਰਦੀ ਸੀ ਅਤੇ ਫਿਰ ਮੌਕੇ ਤੇ ਹਾਜ਼ਰ ਸਭ ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ ਅਤੇ ਸ਼ਰੀਕਣੀਆਂ ਵੱਲੋਂ ਵਾਰਨੇ ਕਰ ਕੇ ਲਾਗਣ ਨੂੰ ਦੇ ਦਿੱਤੇ ਜਾਂਦੇ ਸਨ। ਵਿਆਂਦੜ ਕੁੜੀ ਘਿਓ-ਖੰਡ ਵਾਲੀ ਥਾਲੀ ਲੈ ਕੇ ਅੰਦਰ ਜਾ ਕੇ ਹਰ ਕੁਆਰੀਆਂ ਕੁੜੀਆਂ ਨੂੰ ਗਰਾਹੀਆਂ ਖਾਣ ਨੂੰ ਦਿੰਦੀ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਉਹ ਗਰਾਹੀਆਂ ਖਾਣ ਨਾਲ ਬਾਕੀ ਕੁਆਰੀਆਂ ਸਹੇਲੀਆਂ ਦਾ ਵਿਆਹ ਜਲਦੀ ਹੋਵੇਗਾ। ਮਾਂ ਮਲਿਆ ਹੋਇਆ ਵਟਣਾ 'ਕੱਠਾ ਕਰਕੇ ਪਟੜੀ ਟੱਪਦੀ ਸੀ। ਮਾਂ ਵਲੋਂ ਪਟੜੀ ਟੱਪਣਾ ਅਤੇ ਵਟਣੇ ਵਾਲੀ ਥਾਂ ਨੂੰ ਸਾਫ਼ ਕਰਨਾ ਉਸਦੇ ਰਿਸ਼ਤੇ ਦਾ ਮਾਣ ਹੀ ਹੁੰਦਾ ਸੀ। ਇਹ ਰਸਮ ਦੇਸ-ਵਿਦੇਸ਼ ਵਿਚ ਇਸ ਰੂਪ ਵਿਚ ਹੀ ਪ੍ਰਚੱਲਿਤ ਹੈ। ਪਰਦੇਸਾਂ ਵਿਚ ਵਾਰਨੇ ਧਰਮ ਅਸਥਾਨ ਤੇ ਚੜ੍ਹਾ ਦਿੱਤੇ ਜਾਂਦੇ ਹਨ ਜਾਂ ਬਾਅਦ ਵਿਚ ਵੇਟਰਾਂ ਨੂੰ ਟਿੱਪ ਦੇ ਰੂਪ ਵਿਚ ਦੇ ਦਿੱਤੇ ਜਾਂਦੇ ਹਨ।

ਪਟੜੀ ਟੱਪ ਪਿਆਰੀਏ ਨੀ, ਸੱਤਾਂ ਪੁੱਤਾਂ ਦੀਏ ਮਾਏਂ।
ਪਟੜੀ ਟੱਪ ਪਿਆਰੀਏ ਨੀ, ਸੱਤਾਂ ਪੁੱਤਾਂ ਦੀਏ ਮਾਏਂ।
ਪਟੜੀ ਟੱਪ ਨਾ ਸਕਦੀ ਨੀ, ਝੁੱਡੂ ਬਾਬੇ ਦੀ ਪੋਤੀ।
ਪਟੜੀ ਟੱਪ ਨਾ ਸਕਦੀ ਨੀ, ਝੁੱਡੂ ਬਾਬੇ ਦੀ ਪੋਤੀ।



ਇਸ ਤੋਂ ਬਾਅਦ ਸਭ ਨੂੰ ਟਿੱਕੀਆਂ ਅਤੇ ਘੁੰਙਣੀਆਂ ਆਦਿ ਵੰਡੀਆਂ ਜਾਦੀਆਂ ਸਨ। ਅਜੋਕੇ ਸਮੇਂ ਵਿਚ ਲੱਡੂ ਵੰਡੇ ਜਾਂਦੇ ਹਨ। ਇਸ ਦੇ ਨਾਲ ਹੀ ਵਧਾਈਆਂ ਦੇ ਗੀਤ ਸ਼ੁਰੂ ਹੋ ਜਾਂਦੇ ਹਨ:

ਚੜ੍ਹਿਆ ਮਹੀਨਾ ਫ਼ੱਗਣ,
ਕਿ ਘੁੰਙਣੀਆਂ ਦਾ ਚੱਬਣ।
ਕਿ ਮੀਤੋ ਕੁੜੀਏ ਦਾਰੀਏ,
ਕਿ ਚੁੱਕ ਪਤੀਲੇ ਦਾ ਢੱਕਣ।
ਕਿ ਇਕੋ ਫ਼ੱਕਾ ਮਾਰੀਏ...

ਮਾਮੇ ਨੇ ਮਾਮੀ ਕੁੱਟੀ,
ਦੋ ਦਾਣਿਆਂ ਬਦਲੇ।
ਚਾਚੇ ਨੇ ਚਾਚੀ ਕੁੱਟੀ,
ਦੋ ਦਾਣਿਆਂ ਬਦਲੇ।

ਆਈਆਂ ਨੀ ਸੰਤੀਏ ਤੇਰੇ ਚਾਅ,
ਤੇੜ ਦੀ ਘੱਗਰੀ ਥੱਲੇ ਵਿਛਾ।
ਤੇੜ ਦੀ ਘੱਗਰੀ ਛੋਟੀ ਆ,
ਸੰਤੀ ਮਨ ਦੀ ਖੋਟੀ ਆ।

ਦੁੱਧ ਕੜ੍ਹੇਂਦਿਆ ਵੇ ਉੱਤੇ ਆਈ ਆ ਮਲਾਈ,
ਭਾਬੋ ਰਾਣੀਏ ਨੀ ਸਾਡੀ ਮੰਨ ਲਾ ਵਧਾਈ।
ਦੁੱਧ ਕੜੇਂਦਿਆ ਵੇ ਉੱਤੇ ਆਈ ਆ ਮਲਾਈ,
ਚਾਚੀ ਰਾਣੀਏਂ ਨੀ ਸਾਡੀ ਮੰਨ ਲਾ ਵਧਾਈ।

ਵਧਾਈਆਂ ਕਮਲਾ ਤੈਨੂੰ, ਵਧਾਈਆਂ ਲੈ।
ਜਣੇਂਦੇ ਨੂੰ ਬਣੇਂਦੇ ਨੂੰ, ਜੰਮਣ ਘੁੱਟੀ ਦੇਂਦੇ ਨੂੰ।
ਦਿਵਾਲੀ ਵਾਲੇ ਦਿਨ ਨੂੰ, *ਵਸੋਏ ਵਾਲੀ ਰਾਤ ਨੂੰ।
ਜਿਨ ਰੱਖਿਆ ਕਮਲਾ ਨਾਂ, ਵਧਾਈਆਂ ਲੈ।

*ਵਸੋਏ ਵਾਲੀ ਰਾਤ-ਵਿਸਾਖੀ ਵਾਲੀ ਰਾਤ

ਮੁੰਡੇ ਵਾਲੇ ਘਰ ਵਟਣਾ ਅਤੇ ਗੀਤ:

ਵਿਆਂਦੜ ਮੁੰਡੇ ਲਈ ਵੀ ਪਲਕਾ ਖੋਲ੍ਹਣ ਨੂੰ ਛੱਡ ਕੇ ਬਾਕੀ ਸਭ ਰਸਮਾਂ ਉਸੇ ਤਰ੍ਹਾਂ ਹੀ ਕੀਤੀਆਂ ਜਾਂਦੀਆਂ ਸਨ। ਪਹਿਲਾ ਮਾਈਆਂ ਸਵੇਰੇ ਲੱਗਦਾ ਸੀ ਅਤੇ ਦੂਜਾ ਮਾਈਆਂ ਦੂਜੇ ਦਿਨ ਸ਼ਾਮ ਨੂੰ ਨਾਨਕਿਆਂ ਵਲੋਂ ਲਗਾਇਆ ਜਾਂਦਾ ਸੀ। ਮੁੰਡੇ ਲਈ ਗਾਏ ਜਾਣ ਵਾਲੇ ਗੀਤਾਂ ਵਿਚਲੀ ਸ਼ਬਦਾਵਲੀ ਬਦਲ ਦਿੱਤੀ ਜਾਂਦੀ ਸੀ। ਅਜੋਕੇ ਸਮੇਂ ਵਿੱਚ ਵੀ ਇਹ ਰਸਮ ਇਸ ਤਰ੍ਹਾਂ ਹੀ ਪ੍ਰਚੱਲਿਤ ਹੈ। ਪਰਦੇਸਾਂ ਵਿਚ ਜੇਕਰ ਨਾਨਕੇ ਕੋਲ ਨਾ ਹੋਣ ਤਾਂ ਇਹ ਮਾਈਆਂ ਕਿਸੇ ਨਜ਼ਦੀਕੀ ਦੋਸਤ ਦੇ ਘਰ ਵੀ ਲਗਾਇਆ ਜਾਂਦਾ ਹੈ।

ਵਾਹ! ਵਾਹ! ਕਟੋਰਾ ਵਟਣੇ ਦਾ।
ਜਿੰਦੜੀ ਕਟੋਰਾ ਵਟਣੇ ਦਾ।
ਵਾਹ! ਵਾਹ! ਮਲੇਂਦੀਆਂ ਦੋ ਜਣੀਆਂ।
ਜਿੰਦੜੀ ਮਲੇਂਦੀਆਂ ਦੋ ਜਣੀਆਂ।
ਵਾਹ ਵਾਹ ਕਟੋਰਾ ਵਟਣੇ ਦਾ, ਜਿੰਦੜੀ ਕਟੋਰਾ ਵਟਣੇ ਦਾ।
ਗੋ-ਗੋ ਕਟੋਰਾ ਵਟਣੇ ਦਾ, ਜਿੰਦੜੀ ਕਟੋਰਾ ਵਟਣੇ ਦਾ।
ਵਾਹ ਵਾਹ ਕਿ ਗੋ ਰਹੀਆਂ ਦੋ ਜਣੀਆਂ, ਜਿੰਦੜੀ ਕਿ ਗੋ ਰਹੀਆਂ ਦੋ ਜਣੀਆਂ।
ਵਾਹ ਵਾਹ ਮਲੇਂਦੀਆਂ ਦੋ ਜਣੀਆਂ, ਜਿੰਦੜੀ ਕਿ ਮਲੇਂਦੀਆਂ ਦੋ ਜਣੀਆਂ।
ਵਾਹ ਵਾਹ ਕਿ ਆਮ੍ਹੋ-ਸਾਮ੍ਹਣੀਆਂ, ਜਿੰਦੜੀ ਕਿ ਆਮ੍ਹੋ-ਸਾਮ੍ਹਣੀਆਂ।
ਵਾਹ ਵਾਹ ਕਿ ਜੇਠ ਜਠਾਨੜੀਆਂ, ਜਿੰਦੜੀ ਕਿ ਜੇਠ ਜਠਾਨੜੀਆਂ,
ਵਾਹ ਵਾਹ ਕਿ ਦੇਰ ਦਰਾਨੜੀਆਂ, ਜਿੰਦੜੀ ਕਿ ਦੇਰ ਦਰਾਨੜੀਆਂ।
ਵਾਹ ਵਾਹ ਕਿ ਸਕੀਆਂ ਭੈਨੜੀਆਂ, ਜਿੰਦੜੀ ਕਿ ਸਕੀਆਂ ਭੈਨੜੀਆਂ।
ਵਾਹ ਵਾਹ ਕਿ ਮੁੱਠ ਕੁ ਵੰਡਾਂ ਦੀ, ਜਿੰਦੜੀ ਕਿ ਮੁੱਠ ਕੁ ਵੰਡਾਂ ਦੀ।
ਵਾਹ ਵਾਹ ਕਿ ਪ੍ਰੀਤੋ ਭੰਡਾਂ ਦੀ, ਜਿੰਦੜੀ ਕਿ ਪ੍ਰੀਤੋ ਭੰਡਾਂ ਦੀ।
ਵਾਹ ਵਾਹ ਕਿ ਮੁੱਠ ਕੁ ਦਾਣਿਆਂ ਦੀ, ਜਿੰਦੜੀ ਕਿ ਬਚਨੋ ਸਿਆਣਿਆਂ ਦੀ।
ਵਾਹ ਵਾਹ ਕਿ ਮੁੱਠ ਕੁ ਚੌਲਾਂ ਦੀ, ਜਿੰਦੜੀ ਕਿ ਮੁੱਠ ਕੁ ਚੌਲਾਂ ਦੀ।
ਵਾਹ ਵਾਹ ਕਿ ਚਿੰਤੀ ਰੌਲਾਂ ਦੀ, ਜਿੰਦੜੀ ਕਿ ਚਿੰਤੀ ਰੌਲਾਂ ਦੀ।
ਵਾਹ ਵਾਹ ਕਿ ਚਿੰਤੀ ਰੌਲਾਂ ਦੀ, ਜਿੰਦੜੀ ਕਿ ਚਿੰਤੀ ਰੌਲਾਂ ਦੀ।
ਵਾਹ! ਵਾਹ! ਕਿ ਚਾਦਰ ਚਿੜੀਆਂ ਦੀ, ਜਿੰਦੜੀ ਕਿ ਚਾਦਰ ਚਿੜੀਆਂ ਦੀ।
ਵਾਹ! ਵਾਹ! ਕਿ ਰੌਣਕ ਕੁੜੀਆਂ ਦੀ, ਜਿੰਦੜੀ ਕਿ ਰੌਣਕ ਕੁੜੀਆਂ ਦੀ।

ਰਾਮਾ! ਕਾਹੇ ਦਾ ਤੇਲ ਕਾਹੇ ਦਾ ਵਟਣਾ,
ਮੇਰੇ ਹਰ ਜੀ ਦੇ ਅੰਗ ਲਗਾਈਏ।
ਸਰੋਂ ਦਾ ਤੇਲ ਫ਼ੁੱਲਾਂ ਦਾ ਵਟਣਾ,
ਇਸ ਲਾੜੇ ਦੇ ਅੰਗ ਲਗਾਈਏ।
ਰਾ ਪੁਰ ਮਾਲਣ, ਰਾ ਪੁਰ ਤੇਲਣ,
ਉਸ ਕੋਲੋਂ ਤੇਲ ਮੰਗਾਈਏ।
ਰਾ ਪੁਰ ਮਾਲਣ, ਰਾ ਪੁਰ ਮਾਲਣ,
ਉਸ ਕੋਲੋਂ ਫ਼ੁੱਲ ਮੰਗਾਈਏ।

ਅੱਜ ਪਹਿਲੜੇ ਮਾਂ ਗੋਹੜੇ, ਹਰ ਜੀ ਨੂੰ ਵਟਣਾ ਲਾਈਏ।
ਤੇਰੀ ਨਾਨੀ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਮਾਂ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਅੱਜ ਪਹਿਲੜੇ ਮਾਂ ਗੋਹੜੇ, ਹਰ ਜੀ ਨੂੰ ਵਟਣਾ ਲਾਈਏ।
ਤੇਰੀ ਮਾਸੀ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਭੂਆ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਅੱਜ ਪਹਿਲੜੇ ਮਾਂ ਗੋਹੜੇ, ਹਰ ਜੀ ਨੂੰ ਵਟਣਾ ਲਾਈਏ।
ਤੇਰੀ ਦਾਦੀ ਸੁਹਾਗਣ ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਭੈਣ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।

ਇਸ ਤੋਂ ਬਾਆਦ ਮਾਂ ਵਿਆਂਦੜ ਮੁੰਡੇ ਦੇ ਮੂੰਹ ਵਿਚ ਘਿਓ-ਖੰਡ ਦੀਆਂ 7 ਬੁਰਕੀਆਂ (ਨਿਵਾਲੇ) ਪਾਉਂਦੀ ਸੀ। ਹੁਣ ਬੂੰਦੀ, ਲੱਡੂ ਜਾਂ ਬਰਫ਼ੀ ਖਿਲਾਈ ਜਾਂਦੀ ਹੈ। ਇਸ ਮੌਕੇ ਹਾਜ਼ਰ ਵਿਆਂਦੜ ਮੁੰਡੇ ਦੀਆਂ ਭਾਬੀਆਂ ਇਹ ਨਿਵਾਲੇ ਉਸਦੇ ਮੂੰਹ ਵਿੱਚ ਜਾਣ ਤੋਂ ਪਹਿਲਾਂ ਹੀ ਖੋਂਹਦੀਆਂ ਹਨ ਅਤੇ ਵਿਆਂਦੜ ਮੁੰਡਾ ਆਪਣਾ ਜ਼ੋਰ ਦਿਖਾਉਂਦਾ ਉਨ੍ਹਾਂ ਦੀਆਂ ਬਾਹਵਾਂ ਫੜ੍ਹਕੇ ਪੂਰੀ ਚਤੁਰਾਈ ਨਾਲ ਬੁਰਕੀ ਖਾਣ ਵਿੱਚ ਕਾਮਯਾਬ ਹੋ ਜਾਂਦਾ ਹੈ। ਮਾਂ ਵੀ ਦਿਓਰ-ਭਾਬੀਆਂ ਦੇ ਇਸ ਸ਼ੁਗਲ ਵਿਚ ਆਪਣੇ ਘੋੜੀ ਚੜ੍ਹਨ ਜਾ ਰਹੇ ਪੁੱਤ ਦਾ ਸਾਥ ਹੀ ਦਿੰਦੀ ਹੈ। ਬੁਰਕੀਆਂ ਖੋਂਹਦੇ ਵਕਤ ਇਹ ਰਸਮ ਬਹੁਤ ਰੌਚਿਕ ਹੋ ਜਾਂਦੀ ਹੈ। ਬੁਰਕੀਆਂ ਖੋਹਣ ਦਾ ਮੰਤਵ ਭਾਬੀਆਂ ਵਲੋਂ ਸਹੁਰੇ ਘਰ ਵਿਚ ਆਪਣੀ ਸਥਾਪਿਤ ਹੋਂਦ ਦਾ ਅਹਿਸਾਸ ਕਰਵਾਉਣਾ ਹੁੰਦਾ ਹੈ। ਸਹੁਰੇ ਘਰ ਵਿਚ ਦਰਾਣੀ ਤੋਂ ਪਹਿਲਾਂ ਆਪਣਾ ਹੱਕ ਜਤਾ ਕੇ ਦਿਉਰ ਨਾਲ ਹਾਸਾ-ਠੱਠਾ ਕਰਨਾ ਹੁੰਦਾ ਹੈ।

ਮਾਈਏਂ ਦੀ ਰਸਮ ਤੋਂ ਬਾਅਦ ਸਭ ਨੂੰ ਟਿੱਕੀਆਂ-ਘੁੰਙਣੀਆਂ ਆਦਿ ਦੇ ਕੇ ਤੋਰਿਆ ਜਾਂਦਾ ਸੀ। ਪਰਦੇਸਾਂ ਵਿਚ ਇਸ ਦੀ ਥਾਂ ਮਿਠਿਆਈਆਂ ਨੇ ਲੈ ਲਈ ਹੈ।

**-ਨੀਲਮ ਸੈਣੀ**

# ਟੀ20 ਵਿਸ਼ਵ ਕੱਪ ਤੋਂ ਬਾਅਦ ਨਿਊਜ਼ੀਲੈਂਡ ਦੀ ਕਪਤਾਨੀ ਛੱਡ ਦੇਵੇਗੀ ਸੋਫੀ

ਕ੍ਰਾਈਸਟਚਰਚ : ਨਿਊਜ਼ੀਲੈਂਡ ਦੀ ਸਟਾਰ ਆਲਰਾਊਂਡਰ ਸੋਫੀ ਡਿਵਾਈਨ ਅਕਤੂਬਰ 'ਚ ਸੰਯੁਕਤ ਅਰਬ ਅਮੀਰਾਤ 'ਚ ਹੋਣ ਵਾਲੇ ਟੀ-20 ਵਿਸ਼ਵ ਕੱਪ ਤੋਂ ਬਾਅਦ ਰਾਸ਼ਟਰੀ ਟੀ-20 ਟੀਮ ਦੀ ਕਪਤਾਨੀ ਛੱਡ ਦੇਵੇਗੀ। ਇਹ 34 ਸਾਲਾ ਖਿਡਾਰਨ ਹਾਲਾਂਕਿ ਨਿਊਜ਼ੀਲੈਂਡ ਵਨਡੇ ਟੀਮ ਦੀ ਅਗਵਾਈ ਕਰਨਾ ਜਾਰੀ ਰੱਖੇਗੀ। ਡਿਵਾਇਨ ਨੇ 2006 'ਚ ਅੰਤਰਰਾਸ਼ਟਰੀ ਕ੍ਰਿਕਟ 'ਚ ਡੈਬਿਊ ਕੀਤਾ ਸੀ ਅਤੇ ਉਦੋਂ ਤੋਂ ਉਹ ਨਿਊਜ਼ੀਲੈਂਡ ਮਹਿਲਾ ਕ੍ਰਿਕਟ ਟੀਮ ਦਾ ਇੱਕ ਅਨਿੱਖੜਵਾਂ ਅੰਗ ਰਹੀ ਹੈ। ਉਨ੍ਹਾਂ ਨੇ ਹੁਣ ਤੱਕ 135 ਟੀ-20 ਅੰਤਰਰਾਸ਼ਟਰੀ ਮੈਚਾਂ 'ਚ 3268 ਦੌੜਾਂ ਬਣਾਈਆਂ ਹਨ। ਹੁਣ ਤੱਕ ਉਨ੍ਹਾਂ ਨੇ ਟੀ-20 ਅੰਤਰਰਾਸ਼ਟਰੀ ਕ੍ਰਿਕਟ ਵਿੱਚ 56 ਮੈਚਾਂ ਵਿੱਚ ਟੀਮ ਦੀ ਅਗਵਾਈ ਕੀਤੀ ਹੈ। ਉਨ੍ਹਾਂ ਦੀ ਕਪਤਾਨੀ 'ਚ ਨਿਊਜ਼ੀਲੈਂਡ ਨੇ 25 ਮੈਚ ਜਿੱਤੇ ਜਦਕਿ 28 ਮੈਚਾਂ 'ਚ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

ਡਿਵਾਇਨ ਨੇ ਇਕ ਬਿਆਨ 'ਚ ਕਿਹਾ, 'ਮੈਨੂੰ ਦੋਵਾਂ ਫਾਰਮੈਟਾਂ 'ਚ ਨਿਊਜ਼ੀਲੈਂਡ ਦੀ ਕਪਤਾਨੀ ਕਰਨ ਦਾ ਮੌਕਾ ਮਿਲਣ 'ਤੇ ਬਹੁਤ ਮਾਣ ਹੈ। ਟੀ-20 ਟੀਮ ਦੀ ਕਪਤਾਨੀ ਛੱਡਣ ਤੋਂ ਬਾਅਦ ਮੇਰੀਆਂ ਜ਼ਿੰਮੇਵਾਰੀਆਂ ਕੁਝ ਘੱਟ ਹੋ ਜਾਣਗੀਆਂ। ਇਸ ਨਾਲ ਮੈਂ ਆਪਣੀ ਭੂਮਿਕਾ ਨਿਭਾਉਣ ਅਤੇ ਭਵਿੱਖ ਦੇ ਕਪਤਾਨਾਂ ਨੂੰ ਤਿਆਰ ਕਰਨ 'ਤੇ ਜ਼ਿਆਦਾ ਧਿਆਨ ਦੇ ਸਕਦੀ ਹਾਂ। ਇਹ ਆਲਰਾਊਂਡਰ ਨਿਊਜ਼ੀਲੈਂਡ ਵਲੋਂ ਸੀਮਤ ਓਵਰਾਂ ਦੇ ਦੋਵਾਂ ਫਾਰਮੈਟਾਂ 'ਚ ਖੇਡਣਾ ਜਾਰੀ ਰੱਖੇਗੀ।



# ਨਾਗਲ ਅਮਰੀਕੀ ਓਪਨ ਦੇ ਪਹਿਲੇ ਦੌਰ ਵਿੱਚ ਬਾਹਰ

ਨਿਊਯਾਰਕ, (ਭਾਸ਼ਾ) ਭਾਰਤ ਦੇ ਚੋਟੀ ਦੇ ਖਿਡਾਰੀ ਸੁਮਿਤ ਨਾਗਲ ਇੱਥੇ ਸ਼ੁਰੂਆਤੀ ਦੌਰ ਵਿਚ ਨੀਦਰਲੈਂਡ ਦੇ ਟੈਲੋਨ ਗ੍ਰੀਕਸਪੂਰ ਤੋਂ ਸਿੱਧੇ ਸੈੱਟਾਂ ਵਿਚ ਹਾਰ ਕੇ ਅਮਰੀਕੀ ਓਪਨ ਟੈਨਿਸ ਟੂਰਨਾਮੈਂਟ ਦੇ ਪੁਰਸ਼ ਸਿੰਗਲਜ਼ ਤੋਂ ਬਾਹਰ ਹੋ ਗਏ। ਨਾਗਲ ਨੇ ਆਪਣੇ ਪਹਿਲੇ ਸਰਵ 'ਤੇ ਸੰਘਰਸ਼ ਕੀਤਾ ਅਤੇ ਸੋਮਵਾਰ ਰਾਤ ਨੂੰ ਖੇਡੇ ਗਏ ਮੈਚ 'ਚ ਗ੍ਰਿਕਸਪੁਰ ਤੋਂ 1-6, 3-6, 6-7 (8) ਨਾਲ ਹਾਰ ਗਿਆ।

ਦੋ ਘੰਟੇ 20 ਮਿੰਟ ਤੱਕ ਚੱਲੇ ਇਸ ਮੈਚ ਵਿੱਚ ਨਾਗਲ ਨੇ ਆਪਣੇ ਵਿਰੋਧੀ ਨੂੰ ਦੋ ਵਾਰ ਤੋੜਿਆ ਜਦੋਂਕਿ ਡੱਚਮੈਨ ਨੇ ਆਪਣੇ 11 ਵਿੱਚੋਂ ਛੇ ਬਰੇਕ ਪੁਆਇੰਟ ਮੌਕੇ ਵਿੱਚ ਬਦਲ ਦਿੱਤੇ। ਝੱਜਰ ਤੋਂ 27 ਸਾਲਾ ਨਾਗਲ ਨੂੰ ਆਪਣੀ ਲੈਅ ਲੱਭਣ ਵਿੱਚ ਕੁਝ ਸਮਾਂ ਲੱਗਾ। ਉਸ ਨੇ ਸ਼ੁਰੂ ਵਿਚ ਕਈ ਗ਼ਲਤੀਆਂ ਕੀਤੀਆਂ ਜਿਸ ਦਾ ਨਤੀਜਾ ਉਸ ਨੂੰ ਅੰਤ ਵਿਚ ਭੁਗਤਣਾ ਪਿਆ।

ਦੂਜੇ ਸੈੱਟ ਵਿੱਚ ਜਦੋਂ ਨਾਗਲ 3-5 ਨਾਲ ਪਿੱਛੇ ਚੱਲ ਰਿਹਾ ਸੀ ਤਾਂ ਹਲਕੀ ਬਾਰਿਸ਼ ਕਾਰਨ ਖੇਡ ਨੂੰ ਰੋਕਣਾ ਪਿਆ। ਇਸ ਤੋਂ ਬਾਅਦ ਉਸ ਨੇ ਕੁਝ ਚੰਗਾ ਪ੍ਰਦਰਸ਼ਨ ਕੀਤਾ ਪਰ ਇਹ ਜਿੱਤ ਲਈ ਕਾਫੀ ਨਹੀਂ ਸੀ। ਨਾਗਲ ਹੁਣ ਪੁਰਸ਼ ਡਬਲਜ਼ ਵਿੱਚ ਆਪਣੀ ਚੁਣੌਤੀ ਪੇਸ਼ ਕਰੇਗਾ। ਪੁਰਸ਼ ਡਬਲਜ਼ ਵਿੱਚ ਭਾਰਤ ਦੇ ਰੋਹਨ ਬੋਪੰਨਾ, ਯੂਕੀ ਭਾਂਬਰੀ, ਐਨ ਸ਼੍ਰੀਰਾਮ ਬਾਲਾਜੀ ਅਤੇ ਨਾਗਲ ਵੱਖ-ਵੱਖ ਜੋੜੀਦਾਰਾਂ ਨਾਲ ਖੇਡਣਗੇ।



# ਪ੍ਰੀਤੀ ਪਾਲ ਨੇ ਭਾਰਤ ਨੂੰ ਦਿਵਾਇਆ 6ਵਾਂ ਤਮਗਾ, 100 ਤੋਂ ਬਾਅਦ ਹੁਣ 200 ਮੀਟਰ 'ਚ ਵੀ ਜਿੱਤਿਆ Bronze

ਸਪੋਰਟਸ ਡੈਸਕ- ਪੈਰਿਸ 'ਚ ਕਰਵਾਈਆਂ ਜਾ ਰਹੀਆਂ ਪੈਰਾਲੰਪਿਕ ਖੇਡਾਂ 'ਚ ਭਾਰਤੀ ਪੈਰਾ ਐਥਲੀਟ ਪ੍ਰੀਤੀ ਪਾਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮਹਿਲਾਵਾਂ ਦੇ 100 ਮੀਟਰ ਦੌੜ 'ਚ ਕਾਂਸੀ ਤਮਗਾ ਜਿੱਤਣ ਤੋਂ ਬਾਅਦ ਹੁਣ 200 ਮੀਟਰ ਟੀ-35 ਈਵੈਂਟ 'ਚ ਵੀ ਕਾਂਸੀ ਦਾ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ।

ਪ੍ਰੀਤੀ ਨੇ ਫਾਈਨਲ ਵਿੱਚ ਆਪਣਾ ਸਪਵਸ਼੍ਰੇਸ਼ਠ ਪ੍ਰਦਰਸ਼ਨ ਕਰਦਿਆਂ 30.01 ਸਕਿੰਟ ਵਿੱਚ ਦੌੜ ਪੂਰੀ ਕੀਤੀ ਅਤੇ ਤੀਜਾ ਸਥਾਨ ਹਾਸਲ ਕਰਨ ਵਿੱਚ ਸਫ਼ਲ ਰਹੀ।

ਪੈਰਿਸ ਪੈਰਾਲੰਪਿਕਸ 'ਚ ਪ੍ਰੀਤੀ ਦਾ ਇਹ ਦੂਜਾ ਤਮਗਾ ਹੈ। ਇਸ ਤੋਂ ਪਹਿਲਾਂ ਉਸ ਨੇ ਮਹਿਲਾਵਾਂ ਦੀ 100 ਮੀਟਰ ਟੀ-35 ਵਰਗ ਵਿੱਚ ਵੀ ਕਾਂਸੀ ਦਾ ਤਮਗਾ ਜਿੱਤਿਆ ਸੀ। ਉਸ ਨੇ 14.21 ਸਕਿੰਟ ਦੇ ਨਿੱਜੀ ਸਰਵੋਤਮ ਸਮੇਂ ਨਾਲ ਮਹਿਲਾ ਟੀ-35 ਵਰਗ 100 ਮੀਟਰ ਮੁਕਾਬਲੇ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ।

1984 ਦੇ ਸੀਜ਼ਨ ਤੋਂ ਲੈ ਕੇ ਹੁਣ ਤੱਕ ਭਾਰਤ ਨੇ ਐਥਲੈਟਿਕਸ ਵਿੱਚ ਜਿੰਨੇ ਵੀ ਤਗਮੇ ਜਿੱਤੇ ਹਨ, ਉਹ ਫੀਲਡ ਮੁਕਾਬਲਿਆਂ ਵਿੱਚ ਆਏ ਹਨ। ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਦੇ ਰਹਿਣ ਵਾਲੇ ਕਿਸਾਨ ਦੀ ਬੇਟੀ ਪ੍ਰੀਤੀ ਨੇ ਪੈਰਾਲੰਪਿਕ ਦੇ ਦੂਜੇ ਦਿਨ ਭਾਰਤ ਦਾ ਐਥਲੈਟਿਕਸ ਮੈਡਲ ਖਾਤਾ ਖੋਲ੍ਹਿਆ ਸੀ ਅਤੇ ਹੁਣ ਉਸ ਨੇ ਇਕ ਵਾਰ ਫਿਰ ਕਾਂਸੀ ਦਾ ਤਮਗਾ ਜਿੱਤਿਆ ਹੈ। ਪ੍ਰੀਤੀ ਮਈ 'ਚ ਵਿਸ਼ਵ ਪੈਰਾ ਐਥਲੈਟਿਕਸ ਚੈਂਪੀਅਨਸ਼ਿਪ 'ਚ ਇਸੇ ਈਵੈਂਟ 'ਚ ਕਾਂਸੀ ਦਾ ਤਗਮਾ ਜਿੱਤ ਕੇ ਪੈਰਿਸ ਆਈ ਸੀ।

ਉਸ ਦੇ ਇਸ ਤਮਗੇ ਦੀ ਬਦੌਲਤ ਭਾਰਤ ਨੇ 1 ਸੋਨ, 1 ਚਾਂਦੀ ਤੇ 4 ਕਾਂਸੀ ਤਮਗਿਆਂ ਸਣੇ ਕੁੱਲ 6 ਤਮਗੇ ਜਿੱਤ ਲਏ ਹਨ ਤੇ ਉਹ ਮੈਡਲ ਟੈਲੀ 'ਚ 28ਵੇਂ ਸਥਾਨ 'ਤੇ ਕਾਬਜ਼ ਹੈ।

ਉੱਥੇ ਹੀ ਚੀਨ 30 ਸੋਨ, 25 ਚਾਂਦੀ ਤੇ 10 ਕਾਂਸੀ ਤਮਗਿਆਂ ਸਣੇ ਕੁੱਲ 65 ਤਮਗਿਆਂ ਨਾਲ ਪਹਿਲੇ, 22 ਸੋਨ, 12 ਚਾਂਦੀ ਤੇ 8 ਕਾਂਸੀ ਤਮਗਿਆਂ ਸਣੇ ਕੁੱਲ 42 ਤਮਗਿਆਂ ਨਾਲ ਇੰਗਲੈਂਡ ਦੂਜੇ ਤੇ 8 ਸੋਨ, 4 ਚਾਂਦੀ ਤੇ 13 ਕਾਂਸੀ ਸਣੇ ਕੁੱਲ 25 ਤਮਗਿਆਂ ਨਾਲ ਬ੍ਰਾਜ਼ੀਲ ਤੀਜੇ ਸਥਾਨ 'ਤੇ ਬਣੇ ਹੋਏ ਹਨ।




# ਆਸਟ੍ਰੇਲੀਆ ਖਿਲਾਫ ਸੀਰੀਜ਼ ਲਈ ਸਮਿਤ ਦ੍ਰਾਵਿੜ ਭਾਰਤ ਦੀ ਅੰਡਰ-19 ਟੀਮ 'ਚ ਸ਼ਾਮਲ



ਨਵੀਂ ਦਿੱਲੀ- ਸਾਬਕਾ ਭਾਰਤੀ ਕਪਤਾਨ ਅਤੇ ਮੁੱਖ ਕੋਚ ਰਾਹੁਲ ਦ੍ਰਾਵਿੜ ਦੇ ਪੁੱਤਰ ਸਮਿਤ ਦ੍ਰਾਵਿੜ ਨੂੰ ਆਸਟ੍ਰੇਲੀਆ ਖਿਲਾਫ ਹੋਣ ਵਾਲੀ ਆਗਾਮੀ ਸੀਰੀਜ਼ ਲਈ ਭਾਰਤ ਦੀ ਅੰਡਰ-19 ਟੀਮ ਵਿਚ ਸ਼ਾਮਲ ਕੀਤਾ ਗਿਆ ਹੈ। ਤਿੰਨ ਮੈਚਾਂ ਦੀ ਵਨਡੇ ਸੀਰੀਜ਼ ਪੁਡੂਚੇਰੀ ਵਿੱਚ 21, 23 ਅਤੇ 26 ਸਤੰਬਰ ਨੂੰ ਹੋਵੇਗੀ ਜਿਸ ਵਿੱਚ ਭਾਰਤੀ ਟੀਮ ਦੀ ਅਗਵਾਈ ਉੱਤਰ ਪ੍ਰਦੇਸ਼ ਦੇ ਮੁਹੰਮਦ ਅਮਾਨ ਕਰਨਗੇ। ਇਸ ਤੋਂ ਬਾਅਦ ਇਨ੍ਹਾਂ ਦੋਵਾਂ ਟੀਮਾਂ ਵਿਚਾਲੇ ਚੇਨਈ 'ਚ ਦੋ ਚਾਰ ਦਿਨਾ ਮੈਚ ਖੇਡੇ ਜਾਣਗੇ। ਪਹਿਲਾ ਮੈਚ 30 ਸਤੰਬਰ ਤੋਂ ਸ਼ੁਰੂ ਹੋਵੇਗਾ ਜਦਕਿ ਦੂਜਾ ਮੈਚ 7 ਅਕਤੂਬਰ ਤੋਂ ਸ਼ੁਰੂ ਹੋਵੇਗਾ। ਇਨ੍ਹਾਂ ਦੋਵਾਂ ਮੈਚਾਂ ਵਿੱਚ ਭਾਰਤੀ ਟੀਮ ਦੀ ਕਪਤਾਨੀ ਮੱਧ ਪ੍ਰਦੇਸ਼ ਦੇ ਸੋਹਮ ਪਟਵਰਧਨ ਕਰਨਗੇ।

ਆਲਰਾਊਂਡਰ ਸਮਿਤ ਇਸ ਸਮੇਂ ਬੈਂਗਲੁਰੂ ਵਿੱਚ ਚੱਲ ਰਹੀ ਕੇਐੱਸਸੀਏ ਮਹਾਰਾਜਾ ਟੀ20 ਟਰਾਫੀ ਵਿੱਚ ਮੈਸੂਰ ਵਾਰੀਅਰਜ਼ ਲਈ ਖੇਡ ਰਿਹਾ ਹੈ। ਸਮਿਤ ਇਸ ਟੂਰਨਾਮੈਂਟ 'ਚ ਹੁਣ ਤੱਕ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਹਨ। ਉਨ੍ਹਾਂ ਨੇ ਸੱਤ ਪਾਰੀਆਂ ਵਿੱਚ 82 ਦੌੜਾਂ ਬਣਾਈਆਂ ਹਨ ਜਿਸ ਵਿੱਚ ਉਨ੍ਹਾਂ ਦਾ ਸਭ ਤੋਂ ਵੱਧ ਸਕੋਰ 33 ਦੌੜਾਂ ਹੈ। ਉਨ੍ਹਾਂ ਨੂੰ ਅਜੇ ਤੱਕ ਟੂਰਨਾਮੈਂਟ 'ਚ ਗੇਂਦਬਾਜ਼ੀ ਕਰਨ ਦਾ ਮੌਕਾ ਨਹੀਂ ਮਿਲਿਆ ਹੈ। ਸਮਿਤ ਨੇ ਹਾਲਾਂਕਿ ਇਸ ਸਾਲ ਦੀ ਸ਼ੁਰੂਆਤ 'ਚ ਕੂਚ ਬਿਹਾਰ ਟਰਾਫੀ 'ਚ ਚੰਗਾ ਪ੍ਰਦਰਸ਼ਨ ਕੀਤਾ ਸੀ ਅਤੇ ਪਹਿਲੀ ਵਾਰ ਕਰਨਾਟਕ ਨੂੰ ਚੈਂਪੀਅਨ ਬਣਾਉਣ 'ਚ ਅਹਿਮ ਭੂਮਿਕਾ ਨਿਭਾਈ ਸੀ। ਇਸ 18 ਸਾਲਾ ਖਿਡਾਰੀ ਨੇ ਅੱਠ ਮੈਚਾਂ ਵਿੱਚ 362 ਦੌੜਾਂ ਬਣਾਈਆਂ ਅਤੇ ਜੰਮੂ-ਕਸ਼ਮੀਰ ਖ਼ਿਲਾਫ਼ 98 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਇਸ ਤੋਂ ਇਲਾਵਾ ਉਨ੍ਹਾਂ ਨੇ ਟੂਰਨਾਮੈਂਟ 'ਚ 16 ਵਿਕਟਾਂ ਲਈਆਂ ਸਨ। ਇਨ੍ਹਾਂ ਵਿੱਚ ਮੁੰਬਈ ਖਿਲਾਫ ਫਾਈਨਲ ਵਿੱਚ ਲਈਆਂ ਗਈਆਂ ਦੋ ਵਿਕਟਾਂ ਵੀ ਸ਼ਾਮਲ ਹਨ।

ਵਨਡੇ ਸੀਰੀਜ਼ ਲਈ ਭਾਰਤ ਦੀ ਅੰਡਰ-19 ਟੀਮ : ਰੁਦਰ ਪਟੇਲ, ਸਾਹਿਲ ਪਾਰਖ, ਕਾਰਤਿਕੇਯ ਕੇਪੀ, ਮੁਹੰਮਦ ਅਮਾਨ (ਕਪਤਾਨ), ਕਿਰਨ ਚੋਰਮਾਲੇ, ਅਭਿਗਿਆਨ ਕੁੰਡੂ (ਵਿਕਟਕੀਪਰ), ਹਰਵੰਸ਼ ਸਿੰਘ ਪੰਗਾਲੀਆ (ਵਿਕਟਕੀਪਰ), ਸਮਿਤ ਦ੍ਰਾਵਿੜ, ਯੁਧਾਜੀਤ ਗੁਹਾ, ਸਮਰਥ ਐੱਨ., ਨਿਖਿਲ ਕੁਮਾਰ, ਚੇਤਨ ਸ਼ਰਮਾ, ਹਾਰਦਿਕ ਰਾਜ, ਰੋਹਿਤ ਰਾਜਾਵਤ, ਮੁਹੰਮਦ ਐਨਾਨ।

ਚਾਰ ਦਿਨਾ ਸੀਰੀਜ਼ ਲਈ ਭਾਰਤ ਦੀ ਅੰਡਰ-19 ਟੀਮ: ਵੈਭਵ ਸੂਰਿਆਵੰਸ਼ੀ, ਨਿਤਿਆ ਪੰਡਯਾ, ਵਿਹਾਨ ਮਲਹੋਤਰਾ, ਸੋਹਮ ਪਟਵਰਧਨ (ਕਪਤਾਨ), ਕਾਰਤਿਕੇਯ ਕੇਪੀ, ਸਮਿਤ ਦ੍ਰਾਵਿੜ, ਅਭਿਗਿਆਨ ਕੁੰਡੂ (ਵਿਕਟਕੀਪਰ), ਹਰਵੰਸ਼ ਸਿੰਘ ਪੰਗਲੀਆ (ਵਿਕਟਕੀਪਰ), ਚੇਤਨ ਸ਼ਰਮਾ, ਸਮਰਥ ਐੱਨ, ਆਦਿਤਿਆ ਰਾਵਤ, ਨਿਖਿਲ ਕੁਮਾਰ, ਅਨਮੋਲਜੀਤ ਸਿੰਘ, ਆਦਿਤਿਆ ਸਿੰਘ, ਮੁਹੰਮਦ ਐਨਾਨ।




ਚਤਰ ਸਿੰਘ ਪਰਵਾਨਾ ਦੇ ਨਾਂ ਤੋਂ ਨਵੇਂ ਪੋਚ ਦੇ ਸੰਗੀਤ ਪ੍ਰੇਮੀ ਤੇ ਲਿਖਣ-ਗਾਉਣ ਵਾਲੇ ਬਹੁਤੇ ਵਾਕਫ਼ ਨਹੀਂ। ਪਰ ਸਿਆਣੀ ਉਮਰ ਦੇ ਸੰਗੀਤ ਰਸੀਆਂ ਨੂੰ ਪਤਾ ਹੈ ਕਿ ਪਰਵਾਨਾ ਉਹ ਬੰਦਾ ਹੈ, ਜਿਸ ਦੀ ਕਲਮ 'ਚੋਂ ਉਕਰੇ ਗੀਤ ਗਾਇਕਾਂ ਦੀ ਕਾਮਯਾਬੀ ਦਾ ਸਬੱਬ ਬਣਦੇ ਸਨ। ਇੱਕ ਸਮਾਂ ਉਹ ਵੀ ਸੀ ਜਦੋਂ ਪਰਵਾਨਾ ਗਾਉਣ ਵਾਲਿਆਂ ਦਾ ਮੱਕਾ ਹੁੰਦਾ ਸੀ, ਗਾਇਕਾਂ ਤੇ ਕੰਪਨੀਆਂ ਦਾ ਉਸ ਦੇ ਗੀਤਾਂ ਬਿਨਾਂ ਭੋਰਾ ਵੀ ਨਹੀਂ ਸੀ ਸਰਦਾ। ਉਨ੍ਹਾਂ ਦਿਨਾਂ ਵਿੱਚ ਉਸ ਦੇ ਨਾਂ ਦਾ ਜਾਦੂ ਸਭਨਾਂ ਦੇ ਸਿਰ ਚੜ੍ਹ ਬੋਲਿਆ। ਹਾਣੀ ਗੀਤਕਾਰਾਂ ਨੂੰ ਪਰਵਾਨੇ ਨੇ ਨੇੜੇ ਨਾ ਫਟਕਣ ਦਿੱਤਾ, ਪਰ ਅੱਜ ਉਹੀ ਪਰਵਾਨਾ ਟੁੱਟੇ ਜਿਹੇ ਸਾਈਕਲ 'ਤੇ ਕਦੇ ਕਿਸੇ ਸੱਭਿਆਚਾਰਕ ਮੇਲੇ ਵਿੱਚ ਗੀਤ ਗਾਉਣ ਜਾ ਰਿਹਾ ਹੁੰਦੈ ਤੇ ਕਦੇ ਕਿਸੇ ਨਵੇਂ ਗਵੱਈਏ ਵੱਲੋਂ ਮੰਗ ਕਰਨ 'ਤੇ ਉਸ ਵੱਲ ਆਪਣੇ ਗੀਤਾਂ ਦੀ ਡਾਇਰੀ ਚੁੱਕੀ ਜਾਂਦਾ ਹੁੰਦੈ। ਪਰਵਾਨੇ ਦੇ ਸਾਈਕਲ ਦੇ ਹੈਂਡਲ 'ਤੇ ਇੱਕ ਛੋਟਾ ਜਿਹਾ ਕਾਲੇ ਰੰਗ ਦਾ ਝੋਲ਼ਾ ਟੰਗਿਆ ਹੁੰਦੈ, ਜਿਸ ਵਿੱਚ ਗੁਲਾਬੀ ਰੰਗ ਦਾ ਕੁੜਤਾ-ਚਾਦਰਾ ਅਤੇ ਦੋ-ਤਿੰਨ ਮੈਡਲ ਹੁੰਦੇ ਨੇ, ਜਿਨ੍ਹਾਂ ਉੱਤੇ ਮੋਟੇ ਅੱਖਰਾਂ ਵਿੱਚ '786' ਲਿਖਿਆ ਹੋਇਐ। ਇਹਦੇ ਬਾਰੇ ਉਹ ਆਖਦੈ, 'ਇਸ ਨੰਬਰ ਵਾਲੇ ਮੈਡਲ ਜਦੋਂ ਮੈਂ ਗਲ਼ 'ਚ ਪਾ ਲੈਨਾਂ ਤਾਂ ਮੇਰੀ ਸੁਰਤੀ ਉਤਾਂਹ ਜੁੜ ਜਾਂਦੀ ਏ ਤੇ ਮੇਰੇ ਸਰੀਰ ਵਿੱਚ ਬਿਜਲੀ ਦੌੜਨ ਲੱਗਦੀ ਹੈ, ਸੋ ਮੇਰਾ ਨੱਚਣਾ-ਗਾਉਣਾ ਵਧੀਆ ਹੋ ਨਿੱਬੜਦੈ।'

ਚਤਰ ਸਿਹੁੰ ਛੇ ਫੁੱਟੇ ਕੱਦ ਦਾ ਮਾਲਕ ਮਾੜਚੂ ਜਿਹਾ ਬੰਦਾ ਹੈ। ਪਹਿਲਾਂ ਉਹ ਤੁਰਲੇ ਵਾਲੀ ਪੱਗ ਬੰਨ੍ਹਦਾ ਸੀ, ਪਰ ਫੇਰ ਉਸ ਨੇ ਸਟਾਈਲ ਬਦਲ ਲਿਆ। ਪਿਛਲੇ ਲੰਮੇ ਸਮੇਂ ਤੋਂ ਉਹ ਤਿੱਖੀ ਚੁੰਝ ਵਾਲੀ ਪੱਗ ਦੇ ਉੱਪਰਲੇ ਦੋਹਾਂ ਲੜਾਂ ਨੂੰ ਇਉਂ ਬਾਹਰ ਕੱਢ ਲੈਂਦੈ ਜਿਵੇਂ ਬਾਜ ਨੇ ਖੰਭ ਖਿਲਾਰੇ ਹੋਣ। ਪੱਗ ਦੇ ਇਸ ਰੂਪ ਬਾਰੇ ਪੁੱਛਣ 'ਤੇ ਉਹ ਕਹਿੰਦੈ, 'ਮੈਂ ਮੂਡੀ ਬੰਦਾ ਹਾਂ, ਤੁਰਲੇ ਵਾਲੀਆਂ ਪੱਗਾਂ ਬਹੁਤੇ ਲੋਕ ਬੰਨ੍ਹਣ ਲੱਗ ਪਏ ਸਨ, ਸੋ ਮੈਂ ਹਟਵੇਂ ਸਟਾਈਲ ਵਾਲੀ ਬੰਨ੍ਹਣੀ ਸ਼ੁਰੂ ਕਰ ਦਿੱਤੀ।' ਚਤਰ ਸਿੰਘ ਪੈਂਹਠ ਸਾਲਾ ਨੌਜਵਾਨ ਹੈ। ਉਸ ਦਾ ਜੋਸ਼ ਹਾਲੇ ਤੱਕ ਮੱਠਾ ਨਹੀਂ ਪਿਆ। ਉਹ ਅੱਜ ਵੀ ਗੀਤ ਲਿਖਦੈ ਤੇ ਨਾਲ-ਨਾਲ ਗਾਉਂਦਾ ਵੀ ਹੈ। ਆਰਥਿਕਤਾ ਦੇ ਸਵਾਲ ਦਾ ਜਵਾਬ ਦਿੰਦਾ ਉਹ ਆਖਦੈ, 'ਕਈ ਵਾਰ ਕਿਸੇ ਸੱਭਿਆਚਾਰਕ ਮੇਲੇ 'ਚੋਂ ਪੰਜ-ਸੱਤ ਸੌ ਬਣ ਜਾਂਦੈ ਤੇ ਕਈ ਵਾਰ ਹ਼ਫਤਾ-ਹ਼ਫਤਾ ਜੇਬ 'ਚ ਪੰਜਾਹ ਰੁਪਏ ਵੀ ਨਹੀਂ ਹੁੰਦੇ।' ਖਾਣ-ਪੀਣ ਦਾ ਉਹ ਮੁੱਢ ਤੋਂ ਹੀ ਸ਼ੌਕੀਨ ਰਿਹਾ ਹੈ ਤੇ ਹੁਣ ਵੀ ਮੌਕਾ ਮਿਲਣ 'ਤੇ ਕੌੜੇ ਪਾਣੀ ਦਾ ਘੁੱਟ ਲਾ ਛੱਡਦੈ। ਉਸ ਦੇ ਕਈ ਹਾਣੀ ਗਾਇਕ ਤੇ ਗੀਤਕਾਰ ਆਖਦੇ ਨੇ, 'ਪਰਵਾਨੇ ਨੇ ਆਪਣੇ ਆਪ ਨੂੰ ਸੰਭਾਲਿਆ ਨਹੀਂ, ਜਦੋਂ ਚਾਰ ਛਿੱਲੜ ਜੋੜਨ ਦਾ ਵੇਲਾ ਸੀ ਉਦੋਂ ਇਹਨੇ ਬੱਕਰੇ ਬੁਲਾਏ ਤੇ ਮਨਆਈਆਂ ਕੀਤੀਆਂ। ਪਰ ਹੁਣ ਜਦੋਂ ਇਹਦੇ ਪੱਲੇ ਕੁੱਝ ਨਹੀਂ ਰਿਹਾ ਤਾਂ ਕਿਸੇ ਨੇ ਇਸ ਦੀ ਸਾਰ ਨਹੀਂ ਲਈ।' ਦੂਜੇ ਪਾਸੇ ਪਰਵਾਨਾ ਆਪਣਾ ਪੱਖ ਰੱਖਦੈ, 'ਸਿਰ਼ਫ ਪੈੱਗ-ਸ਼ੈੱਗ ਮੇਰੇ ਹਾਲਾਤਾਂ ਲਈ ਜ਼ਿੰਮੇਵਾਰ ਨਹੀਂ, ਮੇਰੇ ਕੋਲ ਪਲਾਟ ਵੀ ਸਨ, ਸ਼ਹੀਦ ਭਗਤ ਸਿੰਘ ਨਗਰ ਵਿੱਚ ਤਿੰਨ-ਚਾਰ ਹੱਟੀਆਂ ਵੀ, ਫੈਕਟਰੀ ਵੀ, ਦੁੱਧ ਵਾਲੀ ਡੇਅਰੀ ਵੀ, ਪਰ ਧੀਆਂ-ਪੁੱਤਾਂ ਨੂੰ ਵਿਆਹੁਣ ਅਤੇ ਘਰ ਗ੍ਰਹਿਸਤੀ ਤੋਰਨ ਲਈ ਮੈਨੂੰ ਸਭ ਕੁੱਝ ਵੇਚਣਾ ਪਿਆ।' ਗੱਲ ਜਾਰੀ ਰੱਖਦਾ ਉਹ ਕਹਿੰਦਾ ਹੈ, 'ਪਿੱਛੇ ਜਿਹੇ ਮੇਰੀ ਘਰਵਾਲੀ ਦਿਲ ਦੀ ਬਿਮਾਰੀ ਨੇ ਜਕੜ ਲਈ, ਲੱਖਾਂ ਰੁਪਿਆ ਲੱਗ ਗਿਆ ਉਹਦੇ ਉੱਤੇ, ਬਰਾਬਰ ਦਾ ਮੁੰਡਾ ਜਿਹੜਾ ਮੇਰੇ ਨਾਲ ਰਹਿੰਦੈ, ਉਹ ਦੀ ਲੱਤ ਟੁੱਟ ਗਈ ਸੋ ਉਹਦਾ ਬੋਝ ਵੀ ਮੇਰੇ 'ਤੇ ਆ ਪਿਆ।'

ਪਰਵਾਨੇ ਦੀਆਂ ਗੱਲਾਂ ਵਿਚੋਂ ਸੱਚ ਵੀ ਝਲਕਦਾ ਹੈ ਤੇ ਮਜਬੂਰੀਆਂ ਵੀ। ਖ਼ੁਸ਼ੀ ਇਸ ਗੱਲ ਦੀ ਹੈ ਕਿ ਤਵਿਆਂ ਵਾਲੇ ਯੁੱਗ ਦੇ ਗੀਤਾਂ ਦਾ ਬਾਦਸ਼ਾਹ ਸਾਡੇ ਵਿੱਚ ਬਿਰਾਜਮਾਨ ਹੈ ਅਤੇ ਦੁੱਖ ਇਸ ਗੱਲ ਦਾ ਹੈ ਕਿ ਉਸ ਦੀ ਕਦਰ ਕਰਨ ਵਾਲਾ ਕੋਈ ਨਹੀਂ ਲੱਭਦਾ। ਚਤਰ ਸਿੰਘ ਦਾ ਜਨਮ ਲਹਿੰਦੇ ਪੰਜਾਬ ਦੇ ਪਿੰਡ ਚਰੱਨਵਾਂ ਚੱਕ, ਤਹਿ: ਟੋਬਾ ਟੇਕ ਸਿੰਘ ਵਿੱਚ ਹੋਇਆ। ਨਾ ਉਸ ਦੇ ਨਾਨਕਿਆਂ ਵਿੱਚੋਂ ਕਿਸੇ ਨੂੰ ਲਿਖਣ-ਗਾਉਣ ਦਾ ਝੱਸ ਸੀ ਤੇ ਨਾ ਦਾਦਕਿਆਂ ਵਿੱਚੋਂ। ਪਿਤਾ ਬਲਵੰਤ ਸਿੰਘ ਤੇ ਮਾਤਾ ਕਰਤਾਰ ਕੌਰ ਦਾ ਉਹ ਇਕਲੌਤਾ ਲਾਲ ਸੀ ਤੇ ਇੱਕੋ ਉਸ ਦੀ ਭੈਣ ਸੀ। ਜਦੋਂ ਵੰਡ ਕੋਈ ਤਾਂ ਸਾਰਾ ਟੱਬਰ ਏਧਰ ਆ ਗਿਆ ਅਤੇ ਦੋ ਰਾਤਾਂ ਲੁਧਿਆਣੇ ਲਾਗਲੇ ਪਿੰਡ ਗਿੱਲ ਵਿੱਚ ਰਿਹਾ। ਸ਼ਰਨਾਰਥੀਆਂ ਨੂੰ ਥਾਂਵਾਂ ਅਲਾਟ ਹੋਈਆਂ ਤਾਂ ਚਤਰ ਦੇ ਪਰਿਵਾਰ ਨੂੰ ਖਾਨਪੁਰ ਵਸੇਬਾ ਕਰਨ ਦੀ ਜਗ੍ਹਾ ਮਿਲ ਗਈ। ਪੂਰਾ ਪਰਿਵਾਰ ਇੱਥੇ ਪੰਦਰਾਂ ਸਾਲ ਦੇ ਕਰੀਬ ਰਿਹਾ। ਇਨ੍ਹਾਂ ਸਾਲਾਂ ਦੌਰਾਨ ਹੀ ਚਤਰ ਨੇ ਦਸਵੀਂ ਪਾਸ ਕੀਤੀ, ਪਰ ਗਿਆਨੀ ਉਹ ਪਾਸ ਨਾ ਕਰ ਸਕਿਆ ਕਿਉਂਕਿ ਉਸ ਦਾ ਜ਼ਿਆਦਾ ਰੁਝਾਨ ਗਵੱਈਆਂ ਪਿੱਛੇ ਭੱਜ-ਦੌੜ ਕਰਨ ਦਾ ਸੀ। ਚਤਰ ਸਿੰਘ ਨੂੰ ਗਾਉਣ ਦਾ ਸ਼ੌਕ ਸਕੂਲੀ ਸਮੇਂ ਤੋਂ ਸੀ। ਖਾਨਪੁਰੋਂ ਸਾਈਕਲ 'ਤੇ ਉਸ ਨੇ ਲੁਧਿਆਣੇ ਦੇ ਗਵੱਈਆਂ ਨੂੰ ਮਿਲਣ ਆਉਣਾ ਅਤੇ ਉਨ੍ਹਾਂ ਵਰਗਾ ਬਣਨ ਦੇ ਸੁਪਨੇ ਪਾਲਣੇ। ਫੇਰ ਉਸ ਦਾ ਮੇਲ ਬਖਸ਼ੀ ਸ਼ਾਦੀ ਹੁਰਾਂ ਨਾਲ ਹੋ ਗਿਆ ਅਤੇ ਉਨ੍ਹਾਂ ਦਾ ਗੀਤ 'ਸਾਧੂ ਹੁੰਦੇ ਰੱਬ ਵਰਗੇ' ਸੁਣ-ਸੁਣ ਕੇ ਉਸ 'ਤੇ ਗਾਉਣ ਦਾ ਹੋਰ ਵੀ ਭੂਤ ਸਵਾਰ ਹੋ ਗਿਆ। ਬਾਅਦ 'ਚ ਉਸ ਦਾ ਮੇਲ ਲਾਲ ਚੰਦ ਯਮਲਾ ਜੱਟ ਨਾਲ ਹੋ ਗਿਆ ਅਤੇ ਤੁਰਦਿਆਂ-ਤੁਰਦਿਆਂ ਉਹ ਉਸਤਾਦ ਜਸਵੰਤ ਸਿੰਘ ਭੰਵਰਾ ਦੇ ਕੈਂਪ ਵਿੱਚ ਸ਼ਾਮਿਲ ਹੋ ਗਿਆ। ਚਤਰ ਸਿੰਘ ਨੇ ਭੰਵਰਾ ਹੁਰਾਂ ਅੱਗੇ ਗਾਉਣ ਦੀ ਤਜਵੀਜ਼ ਰੱਖੀ, ਪਰ ਉਨ੍ਹਾਂ ਆਖਿਆ, 'ਗਾਉਣ ਨਾਲੋਂ ਤੂੰ ਗੀਤ ਲਿਖਿਆ ਕਰ, ਤੇਰੇ ਅੰਦਰ ਮੈਨੂੰ ਲਿਖਣ ਕਲਾ ਜ਼ਿਆਦਾ ਉੱਸਲਵੱਟੇ ਲੈਂਦੀ ਜਾਪਦੀ ਐ।' ਚਤਰ ਸਿੰਘ ਨੇ ਭੰਵਰਾ ਹੁਰਾਂ ਦੀ ਰਾਇ ਮੰਨ ਲਈ ਅਤੇ ਵੀਹ ਸਾਲ ਦੀ ਉਮਰ ਵਿੱਚ ਉਸ ਨੇ ਪਹਿਲਾ ਗੀਤ ਲਿਖਿਆ 'ਕਹਿਦੇ ਨੀਂ ਖਸਮ ਨੂੰ ਬਾਬਾ ਨਿੱਤ ਦਾ ਕਲੇਸ਼ ਮੁੱਕਜੂ।' ਇਹ ਗੀਤ ਇੱਕ ਤਵੇ ਵਿੱਚ ਅਮਰ ਸਿੰਘ ਗੁਰਦਾਸਪੁਰੀ ਅਤੇ ਵੀਨਾ ਲੇਖੀ ਦੀ ਅਵਾਜ਼ ਵਿੱਚ ਰਿਕਾਰਡ ਹੋਇਆ।

ਚਤਰ ਸਿੰਘ ਨੇ 'ਪਰਵਾਨਾ' ਤਖੱਲਸ ਸ਼ੌਕ-ਸ਼ੌਕ 'ਚ ਹੀ ਰੱਖ ਲਿਆ। ਇਸ ਬਾਰੇ ਉਹ ਆਖਦੈ, 'ਜਿਵੇਂ ਸ਼ਮਾ ਦੁਆਲੇ ਪਰਵਾਨਾ ਟਿਕ ਕੇ ਨਹੀਂ ਬਹਿੰਦਾ, ਉਵੇਂ ਮੈਂ ਟਿਕ ਕੇ ਬਹਿਣ ਵਾਲਾ ਨਹੀਂ ਸਾਂ, ਸੋ ਮੈਂ ਆਪਣੇ ਨਾਂ ਪਿੱਛੇ 'ਪਰਵਾਨਾ' ਫਿੱਟ ਕਰ ਲਿਆ।' ਪਹਿਲਾ ਗੀਤ ਰਿਕਾਰਡ ਹੋਣ ਤੋਂ ਬਾਅਦ ਪਰਵਾਨੇ ਨੇ ਗਾਉਣ ਦੀ ਥਾਂ ਸਾਰਾ ਧਿਆਨ ਲਿਖਣ ਵੱਲ ਲਗਾ ਦਿੱਤਾ। ਉਸ ਤੋਂ ਬਾਅਦ ਰਜਿੰਦਰ ਰਾਜਨ ਅਤੇ ਜਗਜੀਤ ਜ਼ੀਰਵੀ ਦੀ ਅਵਾਜ਼ ਵਿੱਚ ਉਸਦਾ ਗੀਤ 'ਸਾਹਮਣੇ ਚੁਬਾਰੇ ਨੀਂ ਮੈਂ ਖੇਡਾਂ ਗੀਟੀਆਂ, ਗੱਭਰੂ ਜਵਾਨ ਮੁੰਡਾ ਮਾਰੇ ਸੀਟੀਆਂ' ਰਿਲੀਜ਼ ਹੋਇਆ। ਈ.ਪੀ. ਰਿਕਾਰਡ ਵਿੱਚ ਆਇਆ ਇਹ ਗੀਤ ਬੇਹੱਦ ਮਕਬੂਲ ਹੋਇਆ, ਇਸੇ ਤਵੇ ਵਿੱਚ ਉਸ ਦਾ ਇੱਕ ਗੀਤ 'ਅੰਨ੍ਹੀਏ ਖਿੱਚ ਕਾਂਟਾ' ਵੀ ਦਰਜ ਸੀ।

ਆਪਣੇ ਰਿਕਾਰਡ ਹੋਏ ਗੀਤਾਂ ਦੀ ਪੂਰੀ ਲਿਸਟ ਚਤਰ ਸਿੰਘ ਪਰਵਾਨਾ ਨੂੰ ਚੇਤੇ ਨਹੀਂ। ਪਰ ਉਹ ਅੰਦਾਜ਼ੇ ਨਾਲ ਆਖਦੈ, 'ਕੋਈ ਛੇ-ਸੱਤ ਸੌ ਗੀਤ ਤਾਂ ਮੇਰਾ ਰਿਕਾਰਡ ਹੋਇਆ ਹੀ ਹੋਵੇਗਾ।' ਜਦੋਂ ਉਹ ਰਿਕਾਰਡ ਹੋਏ ਗੀਤਾਂ ਦੇ ਬੋਲ ਦੱਸਣ ਲੱਗਦਾ ਹੈ ਤਾਂ ਸਫ਼ੇ ਮੁੱਕ ਜਾਂਦੇ ਨੇ। ਫੇਰ ਉਹ ਆਖਦੈ, 'ਸਾਰਿਆਂ ਦੇ ਵੇਰਵੇ ਨਾ ਲਿਖੋ, ਮਸ਼ਹੂਰ-ਮਸ਼ਹੂਰ ਦੇ ਨਾਂ ਲਿਖ ਦਿਓ।' ਪਰ ਉਸ ਦੇ ਮਸ਼ਹੂਰ ਗੀਤਾਂ ਦੀ ਗਿਣਤੀ ਵੀ ਏਨੀ ਹੈ, ਜਿੰਨੇ ਅੱਜ ਦੇ ਕਈ ਗੀਤਕਾਰ ਕੁੱਲ ਗੀਤ ਲਿਖਦੇ ਨੇ। ਉਹ ਗਾਇਕਾਂ ਦੀ ਲੜੀ ਵਿੱਢ ਲੈਂਦਾ ਹੈ ਤੇ ਆਖਦੈ, 'ਪਹਿਲਾਂ ਰਮੇਸ਼ ਰੰਗੀਲਾ ਤੇ ਰਜਿੰਦਰ ਰਾਜਨ ਦੀ ਅਵਾਜ਼ ਵਿੱਚ ਆਏ ਗੀਤਾਂ ਬਾਰੇ ਲਿਖ ਲਵੋ।'

ਰਮੇਸ਼ ਤੇ ਰਾਜਨ ਦੀ ਅਵਾਜ਼ ਵਿੱਚ ਉਸ ਦੇ ਦਰਜਨਾਂ ਗੀਤ ਰਿਕਾਰਡ ਹੋਏ, ਪਰ ਸਭ ਤੋਂ ਵੱਧ ਸ਼ਫਲਤਾ 'ਸੱਸ ਕੁੱਟਣੀ ਸੰਦੂਕਾਂ ਓਹਲੇ' ਨੂੰ ਮਿਲੀ। ਇਹ ਗੀਤ ਪਤੀ-ਪਤਨੀ ਦੀ ਵਾਰਤਾਲਾਪ ਸੀ, ਜਿਸ ਵਿੱਚ ਪਤਨੀ ਪਤੀਦੇਵ ਨੂੰ ਉਸ ਦੀ ਮਾਂ ਸੋਧਣ ਬਾਰੇ ਆਖਦੀ ਹੈ:

ਸੱਸ ਕੁੱਟਣੀ ਸੰਦੂਕਾਂ ਓਹਲੇ,
ਮੇਰੇ ਫੇਰ ਨਾ ਬਰਾਬਰ ਬੋਲੇ,
ਨਿੰਮ ਦਾ ਲਿਆਦੇ ਘੋਟਣਾ।

ਅੱਗੋਂ ਪਤੀਦੇਵ ਦੇ ਰੂਪ ਵਿੱਚ ਰੰਗੀਲਾ ਆਪਣੀ ਮਾਂ ਨੂੰ ਅਵਾ-ਤਵਾ ਨਾ ਬੋਲਣ ਲਈ ਆਖਦਾ ਹੈ। ਉਹ ਜਵਾਬ ਦਿੰਦਾ ਹੈ:

ਮੂੰਹ ਚੰਦਰੀ ਦਿਨੋ ਦਿਨ ਖੋਲ੍ਹੇ,
ਕਰ ਦੇਊਂਗਾ ਤੇਰੇ ਹੱਡ ਪੋਲੇ।
ਅੜੀਏ ਨਿੰਮ ਦਾ ਲਿਆ ਕੇ ਘੋਟਣਾ।

ਰਜਿੰਦਰ ਰਾਜਨ ਤੇ ਕਰਮਜੀਤ ਗਰੇਵਾਲ ਦੀ ਅਵਾਜ਼ ਵਿੱਚ ਉਸ ਦਾ ਗੀਤ 'ਸੁੱਤੀ ਨਾ ਜਗਾਈਂ ਮਿੱਤਰਾ, ਸਾਨੂੰ ਅੱਲੜਾਂ ਨੂੰ ਨੀਂਦ ਪਿਆਰੀ' ਵੀ ਬੇਹੱਦ ਮਕਬੂਲ ਹੋਇਆ। ਸਵਰਨ ਲਤਾ ਤੇ ਕਰਮਜੀਤ ਧੂਰੀ ਦੀ ਅਵਾਜ਼ ਵਿੱਚ ਉਸ ਦੇ ਕਈ ਗੀਤ ਰਿਕਾਰਡ ਹੋਏ, ਪਰ 'ਭਾਬੀ ਸਾਗ ਨੂੰ ਨਾ ਜਾਈਂ ਤੇਰਾ ਮੁੰਡਾ ਰੋਊਗਾ' ਗੀਤ ਹਰ ਸਪੀਕਰ ਵਿੱਚ ਵੱਜਿਆ ਅਤੇ ਅੱਜ ਵੀ ਜਦੋਂ ਇਸ ਗੀਤ ਬਾਰੇ ਕਿਸੇ ਬਜ਼ੁਰਗ ਕੋਲ ਗੱਲ ਕਰੀਦੀ ਹੈ ਤਾਂ ਉਹ ਆਖਦੈ, 'ਇਹ ਗਾਣਾ ਤਾਂ ਹਰ ਹੱਟੀ-ਭੱਠੀ ਵੱਜਿਆ ਸੀ ਪੁੱਤਰਾ...।' ਗੀਤ ਦੀ ਸਥਾਈ ਵਿੱਚ ਧੂਰੀ ਦੇ ਬੋਲ ਸਨ :

ਉੱਚੀਆਂ ਖੂਹੀਆਂ 'ਤੇ ਡੋਲ ਖੜਕਦੇ,
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ,
ਭਾਬੀ ਸਾਗ ਨੂੰ ਨਾ ਜਾਈਂ ਤੇਰਾ ਮੁੰਡਾ ਰੋਊਗਾ।

ਅੱਗੋਂ ਸਵਰਨ ਲਤਾ ਦਾ ਜਵਾਬ ਮਨ ਨੂੰ ਮੋਹ ਲੈਣਾ ਵਾਲਾ ਸੀ। ਉਸ ਦੇ ਉੱਤਰ ਵਿਚੋਂ ਸਾਦਗੀ ਅਤੇ ਸ਼ਰਧਾ ਡੁੱਲ੍ਹ-ਡੁੱਲ੍ਹ ਪੈਂਦੀ। ਜਵਾਬ ਵਿੱਚ ਉਹ ਆਖਦੀ:

ਉੱਚੀਆਂ ਖੂਹੀਆਂ 'ਤੇ ਡੋਲ ਖੜਕਦੇ,
ਨਿੱਕਾ ਮੇਰਾ ਦਿਓਰ ਘੜਿਆਂ ਨੂੰ ਢੋਊਗਾ।
ਮੇਰੇ ਮੁੰਡੇ ਨੂੰ ਘਲਾਈਂ (ਖਿਡਾਈ) ਤੇਰਾ ਪੁੰਨ ਹੋਊਗਾ।

ਇਸ ਤੋਂ ਇਲਾਵਾ ਲਤਾ ਤੇ ਧੂਰੀ ਦੀ ਅਵਾਜ਼ ਵਿੱਚ ਉਸ ਦਾ ਗੀਤ 'ਦੋ ਘੜੀਆਂ ਗੁਰਨਾਮ ਕੁਰੇ ਚੱਲ ਬਾਹਰਲੇ ਘਰੇ' ਚੰਗਾ ਕਾਮਯਾਬ ਹੋਇਆ। ਲਤਾ ਦੀ ਅਵਾਜ਼ ਵਿੱਚ ਚਤਰ ਸਿੰਘ ਪਰਵਾਨਾ ਦੇ ਦਰਜਨਾਂ ਗੀਤ ਰਿਕਾਰਡ ਹੋਏ। ਜਿਸ ਤਰ੍ਹਾਂ ਅੱਜ ਦੇ ਦੋਗਾਣਿਆਂ ਵਿੱਚ ਮਰਦ ਪ੍ਰਮੁੱਖ ਹੁੰਦਾ ਹੈ ਤੇ ਔਰਤ ਸਹਿ ਗਾਇਕਾ, ਉਨ੍ਹਾਂ ਵੇਲਿਆਂ ਵਿੱਚ ਗਾਇਕਾ ਮੁੱਖ ਹੁੰਦੀ ਸੀ ਤੇ ਉਸ ਨਾਲ ਗਾਉਣ ਵਾਲੇ ਮਰਦ ਬਦਲਦੇ ਰਹਿੰਦੇ ਸਨ। ਸਵਰਨ ਲਤਾ ਤੇ ਜੱਗੀ ਦੀ ਅਵਾਜ਼ ਵਿੱਚ ਰਿਕਾਰਡ ਉਸ ਦੇ ਹਾਸਰਸ ਗੀਤ ਨੂੰ ਹਰ ਪਾਸੇ ਸਲਾਹਿਆ ਗਿਆ। ਉਸ ਦੇ ਬੋਲ ਵੀ ਅਜੀਬ ਜਿਹੇ ਸਨ ਅਤੇ ਲੰਡੀ-ਬੁੱਚੀ ਨੂੰ ਟਿੱਚ ਸਮਝਣ ਵਾਲੇ ਵੀ। ਸਤਰਾਂ ਸਨ, 'ਮੈਂ ਕੁਆਰੇ ਦਾ ਰਿਹਾ ਕੁਆਰਾ, ਲੰਡੀ ਬੁੱਚੀ ਛੁਰਰ...।'

ਰਮੇਸ਼ ਰੰਗੀਲਾ ਅਤੇ ਸਵਰਨ ਲਤਾ ਦੀ ਅਵਾਜ਼ ਵਿੱਚ ਚਤਰ ਸਿੰਘ ਦਾ ਗੀਤ 'ਕੱਚਾ ਮੁੰਡਾ ਰੰਨ ਵਰਗਾ, ਦਾੜ੍ਹੀ ਆਈ 'ਤੇ ਮਨੁੱਖ ਬਣ ਜਾਵੇ' ਵਾਹਵਾ ਸੁਣਿਆ ਗਿਆ। ਨਰਿੰਦਰ ਬੀਬਾ ਦੀ ਅਵਾਜ਼ ਵਿੱਚ ਪਰਵਾਨੇ ਦੇ ਅਨੇਕਾਂ ਗੀਤ ਰਿਕਾਰਡ ਹੋਏ। ਬੀਬਾ ਬਾਰੇ ਗੱਲ ਕਰਦਿਆਂ ਚਤਰ ਸਿਹੁੰ ਭਾਵੁਕ ਜਿਹਾ ਹੋ ਜਾਂਦੈ ਤੇ ਆਖਦੈ, 'ਉਹ ਕਮਾਲ ਦੀ ਗਾਉਣ ਵਾਲੀ ਸੀ, ਉਹ ਦੀ ਅਵਾਜ਼ ਵਿੱਚ ਮੇਰੇ ਜਿੰਨੇ ਗੀਤ ਰਿਕਾਰਡ ਹੋਏ ਸਾਰਿਆਂ ਨੇ ਕਮਾਲ ਕੀਤੀ, ਉਹ ਦੇ ਨਾਲ ਮੈਂ ਅਨੇਕਾਂ ਸਟੇਜਾਂ ਵੀ ਸਾਂਝੀਆਂ ਕੀਤੀਆਂ, ਪਰ ਕੁਦਰਤ ਨੇ ਉਹ ਨੂੰ ਛੇਤੀ ਸਾਡੇ ਕੋਲੋਂ ਖੋਹ ਲਿਆ।' ਬੀਬਾ ਤੇ ਗੁਰਦਿਆਲ ਨਿਰਮਾਣ ਦੁਆਰਾ ਗਾਇਆ ਉਸਦਾ ਇੱਕ ਦੋਗਾਣਾ ਹਰ ਸੰਗੀਤ ਪ੍ਰੇਮੀ ਦੇ ਸਿਰ ਚੜ੍ਹ ਕੇ ਬੋਲਿਆ। ਦੋਗਾਣੇ ਦੀ ਸਥਾਈ ਵਿੱਚ ਨਰਿੰਦਰ ਬੀਬਾ ਦੇ ਬੋਲ ਸਨ :

ਭੱਠੀ ਉੱਤੇ ਖੜ ਕੇ ਮੈਂ ਦਾਣੇ ਵੇ ਭੁਨਾਉਂਨੀ ਆਂ,
ਤੇਰੀਆਂ ਖਿੱਲਾਂ ਮੇਰੇ ਰੋੜ ਮੁੰਡਿਆ।
ਪੇਕੇ ਛੱਡ ਜਾਹ ਮਹੀਨਾ ਇੱਕ ਹੋਰ ਮੁੰਡਿਆ।

ਗੁਰਦਿਆਲ ਨਿਰਮਾਣ ਅੜੀਅਲ ਜੱਟ ਦੇ ਰੂਪ ਵਿੱਚ ਉਸ ਨੂੰ ਛੇਤੀ ਸਹੁਰੇ ਵਾਪਸ ਆਉਣ ਲਈ ਆਖਦਾ ਹੈ:

ਅਠਾਰਾਂ ਵਰ੍ਹੇ ਚੰਦ ਕੁਰੇ ਪੇਕਿਆਂ ਦੇ ਪਿੰਡ ਰਹੀ,
ਲਿੱਪਦੀ ਬਨੇਰਿਆਂ ਦੇ ਲਿਓੜ ਬੱਲੀਏ,
ਹੁਣ ਸਹੁਰਿਆਂ ਦੇ ਘਰ ਤੇਰੀ ਲੋੜ ਬੱਲੀਏ।

ਸਵਰਨ ਲਤਾ ਤੇ ਅਮੀਰ ਸਿੰਘ ਰਾਣਾ ਦੀ ਅਵਾਜ਼ ਵਿੱਚ ਉਸ ਦਾ ਸਵਾਲ-ਜਵਾਬ ਵਾਲਾ ਦੋਗਾਣਾ, 'ਨੀਂ ਭਰਜਾਈਏ-ਹਾਂ ਵੇ ਦਿਓਰਾ, ਦਿਲ ਪਰਚਾਈਏ-ਨਾਂਹ ਵੇ ਦਿਓਰਾ' ਵੀ ਚੰਗਾ ਜੱਸ ਖੱਟਣ ਵਿੱਚ ਕਾਮਯਾਬ ਹੋਇਆ। ਇਸ ਗੀਤ ਦੀ ਕਾਮਯਾਬੀ ਪਿੱਛੇ ਚਤਰ ਸਿੰਘ ਪਰਵਾਨਾ ਦੁਆਰਾ ਦਿੱਤਾ ਸੰਦੇਸ਼ ਸੀ ਕਿ ਭਾਬੀਆਂ ਨੂੰ ਸਦਾ ਮਾਂ ਸਮਝਣਾ ਚਾਹੀਦਾ ਹੈ। ਦਿਓਰ ਆਪਣੀ ਭਰਜਾਈ ਅੱਗੇ ਸਾਕ ਲਿਆਉਣ ਲਈ ਮਿੰਨਤਾਂ-ਤਰਲੇ ਕਰਦਾ ਹੈ। ਚਹੁੰਆਂ ਭੈਣਾਂ ਵਿਚੋਂ ਇੱਕ ਦੇ ਨੰਦ ਪੜ੍ਹਾਉਣ ਦੀ ਗੱਲ ਕਹਿੰਦਾ ਹੈ। ਗੀਤ ਦੇ ਆਖਰੀ ਅੰਤਰੇ ਵਿੱਚ ਉਸ ਨੇ ਲਿਖਿਆ :

ਮੇਰੀ ਰੋਟੀ ਪੱਕਣ ਲਾ ਦੇ,
ਚਹੁੰ ਭੈਣਾਂ 'ਚੋਂ ਇੱਕ ਵਿਆਹ ਦੇ।
ਬਿਨ ਕੁੜਮਾਈਓਂ ਨੰਦ ਪੜ੍ਹਾਦੇ,
'ਪਰਵਾਨਾ' ਤੇਰੇ ਪੁੱਤਾਂ ਵਰਗਾ,
ਤੂੰ ਏਂ ਮੇਰੀ....(ਬੀਬਾ) ਮਾਂ ਵੇ ਦਿਓਰਾ।

ਨਰਿੰਦਰ ਬੀਬਾ ਅਤੇ ਬੀਰ ਚੰਦ ਗੋਪੀ ਦੀ ਅਵਾਜ਼ ਵਿੱਚ ਚਤਰ ਸਿੰਘ ਪਰਵਾਨਾ ਦਾ ਗੀਤ 'ਕੁੜੀਏ ਲਾ ਪੇਚਾ' ਵਾਹਵਾ ਚੱਲਿਆ। ਹਰਚਰਨ ਗਰੇਵਾਲ ਤੇ ਸੁਰਿੰਦਰ ਸੀਮਾ ਦੀ ਅਵਾਜ਼ ਵਿੱਚ ਚਤਰ ਸਿੰਘ ਦੇ ਰਿਕਾਰਡ ਹੋਏ ਗੀਤ ਹਰ ਪੰਜਾਬੀ ਨੇ ਸਲਾਹੇ। ਸੁਰਿੰਦਰ ਸੀਮਾ ਦੀ ਅਵਾਜ਼ ਵਿੱਚ ਰਿਕਾਰਡ ਹੋਇਆ ਉਸ ਦਾ ਇੱਕ ਸੋਲੋ ਗੀਤ ਹਰ ਇੱਕ ਦੇ ਬੁੱਲ੍ਹਾਂ 'ਤੇ ਚੜ੍ਹਿਆ। ਬੋਲ ਸਨ :

ਮੇਰਾ ਮਾਹੀ ਤੁਰ ਗਿਆ ਮੇਲੇ,
ਮੇਰੀ ਸੱਸ ਲਿਆਈ ਕਰੇਲੇ।
ਮੇਰੀ ਨਣਦ ਨੇ ਲਾਏ ਤੁੜਕੇ,
ਮੇਰੀ ਵਾਰੀ ਆਈ ਪਤੀਲਾ ਖੜਕੇ।

ਪਰਵਾਨੇ ਦੇ ਕਈ ਦਰਜਨ ਗੀਤ ਸੁਰਿੰਦਰ ਕੌਰ ਦੀ ਅਵਾਜ਼ ਵਿੱਚ ਰਿਕਾਰਡ ਹੋਏ । ਸੁਰਿੰਦਰ ਕੌਰ ਤੇ ਰਮੇਸ਼ ਰੰਗੀਲਾ ਦੀ ਅਵਾਜ਼ ਵਿੱਚ ਟਰੱਕ ਡਰਾਈਵਰ ਤੇ ਇੱਕ ਮੁਟਿਆਰ ਦੇ ਸਵਾਲਾਂ-ਜਵਾਬਾਂ ਵਾਲਾ ਗੀਤ ਬੜਾ ਚਰਚਿਤ ਹੋਇਆ। ਇਹ ਗੀਤ ਡਰਾਈਵਰ ਭਾਈਚਾਰੇ ਨੇ ਤਾਂ ਸੁਣਨਾ ਹੀ ਸੀ, ਆਮ ਪੇਂਡੂਆਂ ਨੇ ਵੀ ਹੁੱਬ ਕੇ ਸੁਣਿਆ। ਡਰਾਈਵਰ ਦੇ ਰੂਪ 'ਚ ਰੰਗੀਲਾ ਆਖਦਾ :

ਜੇ ਕੁੜੀਏ ਤੈਨੂੰ ਬੱਸ ਨਈਂ ਮਿਲਦੀ,
ਪੈਦਲ ਜਾਏਂਗੀ ਥੱਕ ਨੀਂ।
ਚੁੱਪ ਕਰਕੇ ਚੜ੍ਹ ਜਾਹ,
ਮਿੱਤਰਾਂ ਦਾ ਚੱਲਿਆ ਟਰੱਕ ਨੀਂ।

ਅੱਗੋਂ ਮੁਟਿਆਰ ਲੋਕਾਂ ਕੋਲੋਂ ਸੁਣੀਆਂ ਗੱਲਾਂ ਕਾਰਨ ਡਰਾਈਵਰ ਨਾਲ ਬਹਿਣ ਲਈ ਰਾਜ਼ੀ ਨਹੀਂ ਹੁੰਦੀ। ਜਵਾਬ ਵਿੱਚ ਉਹ ਆਖਦੀ ਹੈ:

ਬੜੇ ਡਰਾਈਵਰ ਭੈੜੇ ਹੁੰਦੇ, ਸਾਰੀ ਦੁਨੀਆਂ ਕਹਿੰਦੀ,
ਮੈਨੂੰ ਪਊਗਾ ਮਹਿੰਗਾ, ਮੈਂ ਡਰਦੀ ਨਾ ਬਹਿੰਦੀ।

ਇਸ ਤੋਂ ਇਲਾਵਾ ਸੁਰਿੰਦਰ ਕੌਰ ਤੇ ਰੰਗੀਲੇ ਦੀ ਅਵਾਜ਼ ਵਿੱਚ 'ਆਖਰ ਨੂੰ ਚੁੱਲ੍ਹੇ 'ਚ ਫੂਕਾਂ ਮਾਰੇਂਗਾ' ਅਤੇ 'ਦਿਓਰ ਰੱਖਿਆ ਕੁਆਰਾ ਭਾਬੀ ਕਿਹੜੇ ਕੰਮ ਨੂੰ' ਗੀਤ ਚਰਚਾ ਖੱਟਣ 'ਚ ਕਾਮਯਾਬ ਹੋਏ। ਚਤਰ ਸਿੰਘ ਦੇ ਕਈ ਗੀਤ ਸੁਰਿੰਦਰ ਕੌਰ ਨੇ ਕਰਨੈਲ ਗਿੱਲ ਨਾਲ ਮਿਲ ਕੇ ਗਾਏ, ਜਿਨ੍ਹਾਂ ਵਿਚੋਂ ਸਭ ਨਾਲੋਂ ਵੱਧ ਮਕਬੂਲ 'ਲਾਰੀ ਦੇ ਅੰਦਰ ਭੀੜ ਬੜੀ' ਗੀਤ ਹੋਇਆ। ਰਮੇਸ਼ ਰੰਗੀਲਾ ਤੇ ਸੁਦੇਸ਼ ਕਪੂਰ ਦੀ ਅਵਾਜ਼ ਵਿੱਚ ਜੀਜੇ-ਸਾਲੀ ਦੀ ਨੋਕ-ਝੋਕ ਵਾਲਾ ਗੀਤ ਖ਼ੂਬ ਚੱਲਿਆ। ਕੁੱਝ ਸਾਲ ਪਹਿਲਾਂ ਇਸ ਗੀਤ ਨੂੰ ਇੱਕ ਗਾਇਕ ਨੇ ਤੋੜ-ਮਰੋੜ ਕੇ ਗਾ ਦਿੱਤਾ। ਜਦੋਂ ਪਰਵਾਨੇ ਨੇ ਉਹਨੂੰ ਬੰਦਾ ਬਣਨ ਲਈ ਆਖਿਆ ਤਾਂ ਉਹ ਆ ਕੇ ਉਸ ਨੂੰ ਇਕੱਤੀ ਸੌ ਰੁਪਿਆ ਦੇ ਗਿਆ ਤੇ ਨਾਲੇ ਸਮਝਾ ਗਿਆ, 'ਬਾਈ ਅੱਗੇ ਗੱਲ ਨਾ ਕਰਿਓ, ਇਉਂ ਮੇਰੀ ਬਦਨਾਮੀ ਹੁੰਦੀ ਐ।' ਉਸ ਗੀਤ ਦੇ ਬੋਲ ਸਨ :

ਪੁਲਾਂ ਦੇ ਹੇਠਾਂ ਪਾਣੀ ਚੱਲੇ,
ਲੀਹਾਂ ਹੇਠਾਂ ਡਾਕ,
ਹੁਣ ਕਿਉਂ ਰੋਨੀਂ ਏ ਬਿੱਲੋ,
ਜੇ ਤੇਰਾ ਜੀਜਾ ਲੈ ਗਿਆ ਸਾਕ।

ਰੰਗੀਲੇ ਤੇ ਸੁਦੇਸ਼ ਦੀ ਅਵਾਜ਼ ਵਿੱਚ 'ਚੜ੍ਹਾ ਲਈਂ ਚੂੜੀਆਂ ਚੱਲਾਂਗੇ ਲੁਧਿਆਣੇ' ਗੀਤ ਵੀ ਚੰਗਾ ਸੁਣਿਆ ਗਿਆ। ਹਰਚਰਨ ਗਰੇਵਾਲ ਨੇ ਸੁਰਿੰਦਰ ਸੀਮਾ ਨਾਲ ਮਿਲ ਕੇ ਪਰਵਾਨੇ ਦੇ ਕਈ ਗੀਤ ਰਿਕਾਰਡ ਕਰਵਾਏ। ਜਿਨ੍ਹਾਂ ਵਿਚੋਂ ਸਭ ਤੋਂ ਵੱਧ 'ਆਹ ਲੈ ਨੱਤੀਆਂ ਕਢਾ ਲਈਂ ਪਿੱਪਲ ਪੱਤੀਆਂ, ਕਿਸੇ ਦੇ ਕੋਲੇ ਗੱਲ ਨਾ ਕਰੀਂ' ਤੇ 'ਬੇਰੀਆਂ ਦੇ ਬੇਰ ਪੱਕ ਗਏ, ਰੁੱਤ ਪਿਆਰ ਕਰਨ ਦੀ ਆਈ' ਪਸੰਦ ਕੀਤੇ ਗਏ। ਕੁਲਦੀਪ ਪਾਰਸ ਨੇ ਪਰਵਾਨੇ ਦੇ ਗੀਤ 'ਹੌਂਕੇ ਹਾਵੇ ਝੋਰੇ ਤੇਰੇ ਗ਼ਮ ਮੁਟਿਆਰੇ ਨੀਂ' ਅਤੇ 'ਗੋਰੇ ਗੋਰੇ ਮੁੱਖੜੇ 'ਤੇ ਕਾਲੀਆਂ ਐਨਕਾਂ' ਗੀਤ ਗਾ ਕੇ ਵਾਹ-ਵਾਹ ਖੱਟੀ। ਗੁਰਲੇਜ਼ ਅਖ਼ਤਰ ਦੀ ਅਵਾਜ਼ ਵਿੱਚ ਉਸ ਦਾ ਗੀਤ 'ਪਾਊਡਰ ਬਣ ਮਿੱਤਰਾ ਤੈਨੂੰ ਗੋਰੀਆਂ ਗੱਲ੍ਹਾਂ 'ਤੇ ਲਾਵਾਂ' ਅਤੇ ਅਜੈਬ ਰਾਏ-ਮਨਜੀਤ ਭੁੱਲਰ ਦੀ ਅਵਾਜ਼ 'ਚ 'ਬੜਾ ਪੁਆੜਾ ਪਾਇਆ ਨੀਂ ਮੰਗਲ ਤੇ ਸ਼ੁੱਕਰਵਾਰ ਨੇ' ਗੀਤ ਰਿਕਾਰਡ ਹੋਏ। ਸੁਰਿੰਦਰ ਛਿੰਦਾ ਤੇ ਸੋਨੀ ਦੀ ਅਵਾਜ਼ ਵਿੱਚ ਰਿਕਾਰਡ ਹੋਇਆ ਉਸ ਦਾ ਇੱਕ ਗੀਤ ਅੱਜ ਵੀ ਤਰੋ-ਤਾਜ਼ਾ ਲੱਗਦਾ ਹੈ, ਜਿਸ ਦੇ ਬੋਲ ਹਨ, 'ਪੇਕੇ ਛੱਡ ਜਾਹ ਵੇ, ਛੱਡ ਜਾਹ ਕੁੜੀ ਨੂੰ ਦਿਨ ਚਾਰ।'

ਕੇ.ਦੀਪ ਨੇ ਪਰਵਾਨੇ ਦੇ ਛੇ ਧਾਰਮਿਕ ਗੀਤ ਰਿਕਾਰਡ ਕਰਵਾਏ, ਜਿਨ੍ਹਾਂ ਨੂੰ ਸੁਣਨ ਕੇ ਬੰਦਾ ਇਤਿਹਾਸ ਦੇ ਝਰੋਖੇ 'ਚ ਚਲਾ ਜਾਂਦਾ ਹੈ। ਗੀਤ ਲਿਖਣ ਦੇ ਨਾਲ-ਨਾਲ ਚਤਰ ਸਿੰਘ ਪਰਵਾਨਾ ਗਾਉਣ ਦਾ ਸ਼ੌਕ ਵੀ ਪੂਰਦਾ ਰਿਹਾ। ਜਦੋਂ ਨਰਿੰਦਰ ਬੀਬਾ ਕੋਲ ਉਸ ਦਾ ਪੱਕਾ ਟਿਕਾਣਾ ਸੀ ਤਾਂ ਉਹ ਉਸ ਲਈ ਗੀਤ ਵੀ ਲਿਖਦਾ ਅਤੇ ਉਸ ਨਾਲ ਸਟੇਜਾਂ ਵੀ ਸਾਂਝੀਆਂ ਕਰਦਾ। ਪਰਵਾਨੇ ਨੇ ਬੀਬਾ ਨਾਲ ਅਣਗਿਣਤ ਸਟੇਜਾਂ ਲਾਈਆਂ। ਲੰਘੇ ਵੇਲ਼ੇ ਨੂੰ ਚੇਤੇ ਕਰਦਾ ਉਹ ਆਖਦਾ ਹੈ, 'ਜਿੱਥੇ ਹੁਣ ਧਿਆਨ ਸਿੰਘ ਕੰਪਲੈਕਸ ਬਣਿਐ, ਉਥੇ ਪਹਿਲਾਂ ਚਾਹ ਦਾ ਇੱਕ ਖੋਖਾ ਹੁੰਦਾ ਸੀ, ਉਹਦੇ ਉੱਤੇ ਸਾਡਾ ਪ੍ਰੋਗਰਾਮ ਬੁਕਿੰਗ ਵਾਲਾ ਬੋਰਡ ਲੱਗਿਆ ਹੁੰਦਾ ਸੀ, ਉਥੋਂ ਸਾਨੂੰ ਏਨੇ ਕੁ ਪ੍ਰੋਗਰਾਮ ਮਿਲੇ ਕਿ ਗਿਣਤੀ ਕਰਨੀ ਔਖੀ ਹੈ।'

ਪਰਵਾਨੇ ਦੀ ਅਵਾਜ਼ ਵਿੱਚ ਪਹਿਲਾ ਐਲ.ਪੀ. ਰਿਕਾਰਡ 1980 ਦੇ ਨੇੜੇ-ਤੇੜੇ ਮੰਜੂ ਨਾਂ ਦੀ ਗਾਇਕਾ ਨਾਲ ਆਇਆ। ਉਸ ਵਿਚਲਾ ਇੱਕ ਗੀਤ ਖ਼ੂਬ ਚੱਲਿਆ। ਮੰਜੂ ਆਖਦੀ, 'ਕੁੱਤੇ ਵਾਲੀ ਕੰਪਨੀ 'ਚ ਤਵੇ ਭਰਾਉਣ ਚੱਲੀ ਆਂ'। ਅੱਗੋਂ ਪਰਵਾਨਾ ਕਹਿੰਦਾ, 'ਇੱਕ ਪੰਜਾਬੀ ਗੀਤ ਸੁਣਾ ਦੇ ਭਾੜਾ ਤੈਥੋਂ ਲੈਣਾ ਨਈਂ'। ਪਰਵਾਨੇ ਦੇ ਹੁਣ ਤੱਕ ਪੱਚੀ-ਤੀਹ ਗੀਤ ਵੱਖ-ਵੱਖ ਗਾਇਕਾਵਾਂ ਨਾਲ ਰਿਕਾਰਡ ਹੋਏ ਹਨ ਅਤੇ ਗਾਇਕੀ ਦਾ ਸ਼ਫਰ ਉਸ ਨੇ ਹੁਣ ਵੀ ਜਾਰੀ ਰੱਖਿਆ ਹੋਇਆ ਹੈ। ਕੈਸਿਟਾਂ ਦੇ ਰੈਪਰ ਕੱਢ ਕੇ ਦਿਖਾਉਂਦਾ ਉਹ ਆਖਣ ਲੱਗਦੈ, 'ਆਹ 'ਬੋਤਲ ਨਾਭੇ ਦੀ' ਤੇ 'ਛੜਾ ਗੁਆਂਢੀ' ਮੇਰੀਆਂ ਸੋਲੋ ਕੈਸਿਟਾਂ ਆਈਆਂ ਨੇ, ਪਰ ਇਹ ਬਹੁਤੀਆਂ ਨਹੀਂ ਚੱਲੀਆਂ।'

ਪਰਵਾਨਾ ਹੁਣ ਵੀ ਗੀਤ ਲਿਖਦੈ। ਉਸ ਦੇ ਗੀਤਾਂ ਦੀ ਚਾਲ ਤੇ ਸਵਾਦ ਉਹੀ ਹੈ, ਭਾਵੇਂ ਗਾਉਣ ਵਾਲੇ ਢੇਰ ਬਦਲ ਗਏ ਨੇ। ਪਰਵਾਨਾ ਅੱਖਾਂ 'ਚ ਚਮਕ ਲਿਆ ਕੇ ਕਹਿੰਦੈ, 'ਏਸ ਲਾਈਨ ਨੇ ਮੈਨੂੰ ਦਿੱਤਾ ਵੀ ਬੜਾ ਕੁੱਝ ਤੇ ਖੋਹਿਆ ਵੀ ਢੇਰਾਂ ਕੁੱਝ, ਜਿਹੜੇ ਮੇਰੇ ਗੀਤ ਗਾ-ਗਾ ਕੇ ਸਟਾਰ ਬਣੇ ਉਹ ਇਸ ਦੁਨੀਆਂ 'ਤੇ ਨਹੀਂ ਰਹੇ ਅਤੇ ਨਵਿਆਂ ਤੋਂ ਮੈਂ ਕੋਈ ਉਮੀਦ ਨਹੀਂ ਕਰਦਾ। ਕਈ ਵਾਰ ਨਵੇਂ ਮੁੰਡੇ-ਖੁੰਡੇ ਰਾਹ ਜਾਂਦੇ ਨੂੰ ਦੋ-ਚਾਰ ਸੌ ਰੁਪਿਆ ਦੇ ਜਾਂਦੇ ਨੇ ਕਿ ਉਸਤਾਦ ਜੀ ਖੰਡ-ਪੱਤੀ ਜਾਂ ਹੋਰ ਸੌਦਾ-ਪੱਤਾ ਲੈ ਜਾਇਓ, ਮੈਂ ਉਨ੍ਹਾਂ ਦੀ ਕਦਰ ਕਰਦਾ ਹਾਂ।'

ਪਰਵਾਨੇ ਉੱਤੇ ਸਮੇਂ-ਸਮੇਂ 'ਤੇ ਇਹ ਇਲਜ਼ਾਮ ਵੀ ਲੱਗੇ ਕਿ ਇਹ ਗੰਦੇ ਗੀਤ ਲਿਖਣੋਂ ਨਹੀਂ ਟਲਦਾ। ਪਰ ਇਸ ਬਾਰੇ ਉਹਦੀਆਂ ਸ਼ਫਾਈਆਂ ਘੜੀਆਂ ਹੋਈਆਂ ਨੇ। ਉਹ ਤਰਕ ਦਿੰਦੈ, 'ਸਾਨੂੰ ਕੰਪਨੀ ਵਾਲੇ ਕਹਿੰਦੇ ਸੀ ਇਸ ਵੰਨਗੀ ਦਾ ਗੀਤ ਲਿਖੋ ਫੇਰ ਹੀ ਰਿਕਾਰਡ ਹੋਊਗਾ। ਅਸੀਂ ਗੀਤ ਲਿਖ ਦਿੰਦੇ ਤਾਂ ਕੰਪਨੀ ਸਾਨੂੰ ਰਾਇਲਟੀ ਦਿੰਦੀ, ਜੀਹਦੇ ਨਾਲ ਅਸੀਂ ਆਪਣਾ ਟੱਬਰ ਪਾਲਦੇ। ਰੋਟੀ ਖਾਣ ਲਈ ਬੰਦੇ ਨੂੰ ਕੁੱਝ ਤਾਂ ਕਰਨਾ ਹੀ ਪੈਂਦੈ।'

1980 'ਚ ਪਰਵਾਨੇ ਦਾ ਵਿਆਹ ਅਮਰਜੀਤ ਕੌਰ ਨਾਲ ਹੋਇਆ ਤੇ ਸੁੱਖ ਨਾਲ ਇਨ੍ਹਾਂ ਦਾ ਟੱਬਰ ਵੀ ਕਾਫੀ ਤਕੜਾ ਹੋਇਆ। ਪਰਵਾਨੇ ਦੇ ਪੰਜ ਮੁੰਡੇ ਨੇ ਤੇ ਤਿੰਨ ਕੁੜੀਆਂ। ਉਸ ਦੇ ਕਈ ਨਿਆਣੇ ਉਸ ਨਾਲ ਇਸ ਗੱਲੋਂ ਨਰਾਜ਼ ਰਹਿੰਦੇ ਨੇ ਕਿ ਡੈਡੀ ਨੇ ਚੰਗੇ ਦਿਨਾਂ ਵੇਲੇ ਮੌਕਾ ਕਿਉਂ ਨਾ ਸਾਂਭਿਆ। ਪਰਵਾਨੇ ਦਾ ਇੱਕ ਮੁੰਡਾ ਬਬਲੂ ਉਸ ਕੋਲ ਕਿਰਾਏ ਦੇ ਮਕਾਨ ਵਿੱਚ ਨਾਲ ਹੀ ਰਹਿੰਦਾ ਹੈ। ਉਹ ਆਖਦੈ, 'ਬਬਲੂ ਨੂੰ ਗਾਉਣ ਦਾ ਬੜਾ ਸ਼ੌਕ ਐ, ਇਹਦੀ ਅਵਾਜ਼ ਵਿੱਚ ਲੋਹੜਿਆਂ ਦਾ ਰਸ ਐ, ਪਰ ਮੈਂ ਹੀ ਇਹ ਨੂੰ ਗਾਇਕੀ ਵਾਲੇ ਪਾਸੇ ਨਹੀਂ ਆਉਣ ਦਿੰਦਾ ਕਿਉਂਕਿ ਇਹ ਇੱਕ ਅਜਿਹਾ ਖੇਤਰ ਹੈ, ਜਿਹੜਾ ਕਿਸੇ ਨੂੰ ਫ਼ਕੀਰੀ ਤੇ ਕਿਸੇ ਨੂੰ ਅਮੀਰੀ ਬਖ਼ਸ਼ਦਾ ਹੈ। ਅਸੀਂ ਪਹਿਲਾਂ ਹੀ ਫ਼ਕੀਰਾਂ ਵਰਗੇ ਹਾਂ, ਸੋ ਜਦੋਂ ਸਾਡੇ ਕੋਲ ਖਰਚਣ ਨੂੰ ਕੁੱਝ ਨਹੀਂ ਤਾਂ ਅਸੀਂ ਕਮਾਵਾਂਗੇ ਕੀ ?'

# ਸੋਚ ਵਿਗਿਆਨਕ ਕਿਵੇਂ ਬਣਾਈ ਜਾਵੇ?

ਸ਼ੂਗਰ ਦਾ ਮਰੀਜ਼ ਕਰਮ ਜ਼ਿੰਦਗੀ ਦੀ ਸਿਖਰ ਦੁਪਹਿਰ ਸਮੇਂ ਹੀ ਅਲਵਿਦਾ ਆਖ ਗਿਆ ਕਿਉਂਕਿ ਉਸ ਨੇ ਕਦੇ ਵੀ ਮਿੱਠੇ ਆਦਿ ਤੋਂ ਪਰਹੇਜ਼ ਨਹੀਂ ਸੀ ਕੀਤਾ। ਹਮੇਸ਼ਾ ਕਿਹਾ ਕਰਦਾ ਸੀ, ''ਜ਼ਿੰਦਗੀ ਤਾਂ ਪ੍ਰਮਾਤਮਾ ਦੇ ਹੱਥ ਹੈ, ਉਸ ਨੇ ਜਿੰਨ੍ਹੇ ਸਾਹ ਬਖ਼ਸ਼ੇ ਨੇ ਓਨੇ ਹੀ ਲੈਣੇ ਨੇ, ਫਿਰ ਕਿਉਂ ਐਂਵੇਂ ਹੀ ਖਾਣ-ਪੀਣ 'ਤੇ ਬੰਦਸ਼ਾਂ ਲਾਈਆਂ ਜਾਣ।''

ਰਾਜਵੰਤ ਵੀ ਆਪਣੀ ਨੌਜਵਾਨ ਪਤਨੀ ਅਤੇ ਪੁੱਤਰਾਂ ਨੂੰ ਵਿਲਕਦੇ ਛੱਡ ਧਰਤੀ ਵਿੱਚ ਸਮਾ ਗਿਆ। ਉਸ ਦੀ ਸੋਚ ਭਾਵੇਂ ਪਦਾਰਥਵਾਦੀ ਸੀ, ਪਰ ਉਸ ਨੇ ਆਪਣੀ ਸਿਹਤ ਪ੍ਰਤੀ ਲੋੜੀਂਦੀ ਚੌਕਸੀ ਨਹੀਂ ਵਰਤੀ। ਨਿੱਕੀ ਜਿਹੀ ਬਿਮਾਰੀ ਨੂੰ ਅਣਗੌਲਿਆ ਕਰ ਦਿੱਤਾ, ਜੋ ਉਸ ਲਈ ਜਾਨਲੇਵਾ ਸਿੱਧ ਹੋਈ। ਮੇਰੇ ਇਸ ਲੇਖ ਦਾ ਉਦੇਸ਼ ਲੰਮੀ ਤੇ ਸਿਹਤਮੰਦ ਜ਼ਿੰਦਗੀ ਬਤੀਤ ਕਰਨਾ ਹੈ।

ਜ਼ਿੰਦਗੀ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਮਨੁੱਖੀ ਸਰੀਰ ਬਾਰੇ ਇੱਕ ਸਮਝ ਬਣਾ ਲੈਣੀ ਚਾਹੀਦੀ ਹੈ। ਅਸੀਂ ਵੇਖਦੇ ਹਾਂ ਕਿ ਠੰਢੀ ਕਲੀ ਨੂੰ ਠੰਢੇ ਪਾਣੀ ਵਿੱਚ ਪਾਉਣ ਨਾਲ ਇਸ ਵਿਚ ਹਰਕਤ, ਆਵਾਜ਼ ਅਤੇ ਗਰਮਾਇਸ਼ ਆਦਿ ਪੈਦਾ ਹੋ ਜਾਂਦੇ ਹਨ। ਸਵਾਲ ਇਹ ਹੈ ਕਿ ਊਰਜਾ ਦੇ ਇਹ ਵੱਖ-ਵੱਖ ਰੂਪ ਕਿਵੇਂ ਪੈਦਾ ਹੋ ਗਏ? ਜੇ ਅਸੀਂ ਇਸ ਗੱਲ ਨੂੰ ਆਪਣੀ ਸਕੂਲੀ ਪੜ੍ਹਾਈ ਨਾਲ ਜੋੜ ਕੇ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਵੱਖ-ਵੱਖ ਪਦਾਰਥਾਂ ਨੂੰ ਮਿਲਾਉਣ ਨਾਲ ਕਈ ਅਜਿਹੀਆਂ ਰਸਾਇਣਕ ਕਿਰਿਆਵਾਂ ਵਾਪਰਦੀਆਂ ਹਨ, ਜਿਨ੍ਹਾਂ ਵਿੱਚ ਊਰਜਾ ਦੀਆਂ ਵੱਖ-ਵੱਖ ਕਿਸਮਾਂ ਪੈਦਾ ਹੁੰਦੀਆਂ ਹਨ। ਸਰੀਰ ਦਾ ਅਮੀਬੇ ਤੋਂ ਲੈ ਕੇ ਮਨੁੱਖ ਤੱਕ ਦਾ ਸਫ਼ਰ ਇਹਨਾਂ ਰਸਾਇਣਾਂ ਨਾਲ ਸੰਘਰਸ਼ ਦੀ ਵੱਡੀ ਗਾਥਾ ਹੈ। ਮਨੁੱਖ ਨੇ ਆਪਣੇ 250 ਕਰੋੜ ਵਰ੍ਹੇ ਦੇ ਸਫ਼ਰ ਦੌਰਾਨ ਵੱਡੇ ਤਜ਼ਰਬੇ ਕੀਤੇ ਹਨ। ਇਹਨਾਂ ਨਾਲ ਸੰਘਰਸ਼ ਕਰਦਿਆਂ ਉਸ ਨੇ ਆਪਣੇ ਸਰੀਰ ਨੂੰ ਬਹੁਤ ਸਾਰੇ ਰਸਾਇਣਾਂ ਅਨੁਸਾਰ ਢਾਲਿਆ ਹੈ। ਇਹਨਾਂ ਦੇ ਬਹੁਤ ਸਾਰੇ ਹਾਂ ਪੱਖੀ ਗੁਣਾਂ ਨੂੰ ਆਪਣੇ ਅੰਦਰ ਸਮੋਇਆ ਵੀ ਹੈ। ਜੇ ਅੱਜ ਮਨੁੱਖੀ ਸਰੀਰ ਵਿਚ ਗਰਮੀ, ਹਰਕਤ, ਆਵਾਜ਼, ਬਿਜਲੀ ਆਦਿ ਹਨ ਤਾਂ ਇਹ ਸਾਰਾ ਕੁੱਝ ਇਹਨਾਂ ਰਸਾਇਣਿਕ ਪਦਾਰਥਾਂ ਦੀ ਹੀ ਦੇਣ ਹਨ। ਕੀ ਇਸ ਸੰਘਰਸ਼ ਦੌਰਾਨ ਉਸ ਨੂੰ ਸਭ ਕੁੱਝ ਹਾਂ ਪੱਖੀ ਹੀ ਪ੍ਰਾਪਤ ਹੁੰਦਾ ਹੈ? ਨਹੀਂ, ਇਹ ਗੱਲ ਨਹੀਂ, ਬਹੁਤ ਸਾਰੇ ਅਜਿਹੇ ਪਦਾਰਥ ਵੀ ਸਰੀਰ ਵਿਚ ਦਾਖ਼ਲ ਹੋ ਜਾਂਦੇ ਹਨ, ਜਿਹੜੇ ਸਰੀਰ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੰਦੇ ਹਨ। ਇਸ ਅਧਿਆਇ ਦਾ ਮੁੱਖ ਮਕਸਦ ਲੋਕਾਂ ਵਿੱਚ ਅਜਿਹੀ ਸੋਚ ਨੂੰ ਪੈਦਾ ਕਰਨਾ ਹੈ, ਜਿਹੜੀ ਸਰੀਰਕ ਬਿਮਾਰੀਆਂ ਨੂੰ ਕੀ, ਕਿਉਂ, ਕਿਵੇਂ ਦੀ ਵਿਗਿਆਨਕ ਕਸੌਟੀ 'ਤੇ ਪਰਖ ਕੇ ਸਰੀਰ ਲਈ ਢੁੱਕਵੀਆਂ ਇਲਾਜ ਪ੍ਰਣਾਲੀਆਂ ਨੂੰ ਹੀ ਤਰਜੀਹ ਦੇਵੇ। ਜ਼ਿੰਦਗੀ ਜਿਉਣ ਦੇ ਦੋ ਢੰਗ ਹਨ। ਇੱਕ ਢੰਗ ਹੈ, ਜ਼ਿੰਦਗੀ ਨੂੰ ਵਿਗਿਆਨਕ ਢੰਗ ਨਾਲ ਸਵੈ-ਵਿਸ਼ਵਾਸ ਰਾਹੀਂ ਸੰਘਰਸ਼ ਕਰਦੇ ਹੋਏ ਹੱਸਦੇ-ਹੱਸਦੇ ਜਿਉਣਾ। ਦੂਜਾ ਢੰਗ ਹੈ, ਗ਼ੈਰ-ਵਿਗਿਆਨਕ ਢੰਗ ਨਾਲ ਰੋਂਦੇ ਹੋਏ ਡਰਪੋਕਪੁਣੇ ਵਿੱਚ ਦਿਨ ਕਟੀ ਕਰਨਾ। ਤੁਸੀਂ ਕਿਸ ਢੰਗ ਨਾਲ ਜ਼ਿੰਦਗੀ ਬਤੀਤ ਕਰਦੇ ਹੋ। ਇਹ ਤੁਹਾਡੇ ਉੱਪਰ ਨਿਰਭਰ ਕਰਦਾ ਹੈ।

ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਦੋ ਢੰਗਾਂ ਨਾਲ ਬਣੀਆਂ ਵਸਤੂਆਂ ਵੇਖਦੇ ਹਾਂ। ਮੌਜੂਦਾ ਸਮੇਂ ਦੀ ਮਾਰੂਤੀ ਕਾਰ ਨੂੰ ਹੀ ਲੈ ਲਓ। ਵਿਗਿਆਨੀਆਂ ਦੀ ਸੈਂਕੜੇ ਸਾਲਾਂ ਦੀ ਮਿਹਨਤ ਨਾਲ ਇਸ ਦਾ ਹਰ ਮਾਡਲ ਪਹਿਲਾਂ ਨਾਲੋਂ ਵਧੀਆ ਰੂਪ ਵਿੱਚ ਸਾਡੇ ਸਾਹਮਣੇ ਆ ਰਿਹਾ ਹੈ। ਅੱਜ ਜੇ ਇਸ ਕਾਰ ਦੇ ਨਿਰਮਾਤਾ ਇਹ ਦਾਅਵਾ ਕਰਦੇ ਹਨ ਕਿ ਉਹਨਾਂ ਦੀ ਕਾਰ ਇੱਕ ਲੀਟਰ ਪੈਟਰੋਲ ਵਿੱਚ 22 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ ਤਾਂ ਇਸ ਕੰਪਨੀ ਦੀ ਬਣੀ ਹਰ ਇਸ ਕਿਸਮ ਦੀ ਕਾਰ ਲਗਭਗ ਐਨੀ ਹੀ ਦੂਰੀ ਤੈਅ ਕਰਦੀ ਹੈ। ਜੇ ਇਸ ਦੇ ਨਿਰਮਾਤਾ ਕਹਿੰਦੇ ਹਨ ਕਿ ਇਸ ਦਾ ਇੰਜਣ ਬਗ਼ੈਰ ਖੁੱਲ੍ਹੇ ਤੋਂ ਇੱਕ ਲੱਖ ਕਿਲੋਮੀਟਰ ਤੱਕ ਦਾ ਸਫ਼ਰ ਤੈਅ ਕਰੇਗਾ ਤਾਂ ਇਹ ਵੀ ਲਗਭਗ ਇੰਝ ਹੀ ਹੁੰਦਾ ਹੈ ਕਿਉਂਕਿ ਇਸ ਨੂੰ ਵਿਗਿਆਨਕ ਢੰਗ ਨਾਲ ਬਣਾਇਆ ਗਿਆ ਹੈ।

ਇਸ ਤਰ੍ਹਾਂ ਛੱਤ ਉਪਰ ਲਟਕ ਰਹੇ ਬਿਜਲੀ ਦੇ ਪੱਖਿਆਂ ਨੂੰ ਹੀ ਲੈ ਲਵੋ। ਮੇਰੇ ਘਰ ਵਿਚ ਚਾਲੀ ਸਾਲ ਪੁਰਾਣੇ ਪੱਖੇ ਅੱਜ ਤੱਕ ਕੰਮ ਦੇ ਰਹੇ ਹਨ। ਇਸ ਦਾ ਕਾਰਨ ਵੀ ਏਹੀ ਹੈ ਕਿ ਇਸ ਨੂੰ ਵਿਗਿਆਨਕ ਢੰਗ ਨਾਲ ਤਿਆਰ ਕੀਤਾ ਗਿਆ ਹੈ।

ਇਸੇ ਤਰ੍ਹਾਂ ਹੀ ਅਸੀਂ ਅੱਜ-ਕੱਲ੍ਹ ਦੀ ਅੰਗਰੇਜ਼ੀ ਦਵਾਈ ਪ੍ਰਣਾਲੀ 'ਤੇ ਨਜ਼ਰ ਮਾਰ ਸਕਦੇ ਹਾਂ। ਮੈਂ ਸੈਂਕੜੇ ਅਜਿਹੇ ਵਿਅਕਤੀਆਂ ਨੂੰ ਜਾਣਦਾ ਹਾਂ, ਜਿਹੜੇ ਟੀ.ਬੀ. ਦੇ ਵਿਸ਼ਾਣੂ ਦੀ ਜਕੜ ਵਿੱਚ ਆ ਕੇ ਬਿਮਾਰ ਹੋ ਗਏ ਸਨ। ਪਰ ਮੌਜੂਦਾ ਐਲੋਪੈਥਿਕ ਪ੍ਰਣਾਲੀ ਨੇ ਉਹਨਾਂ ਵਿੱਚੋਂ ਇਸ ਬਿਮਾਰੀ ਨੂੰ ਸਦਾ ਲਈ ਅਲੋਪ ਕਰ ਦਿੱਤਾ ਹੈ। ਅੱਜ ਤੋਂ ਸੱਠ ਕੁ ਸਾਲ ਪਹਿਲਾਂ ਦੇ ਬਹੁਤ ਸਾਰੇ ਵਿਅਕਤੀ ਤੁਹਾਨੂੰ ਅਜਿਹੇ ਮਿਲ ਜਾਣਗੇ, ਜਿਨ੍ਹਾਂ ਦੇ ਚਿਹਰਿਆਂ ਉੱਪਰ ਮਾਤਾ (ਚੇਚਕ) ਦੇ ਦਾਗ ਹੋਣਗੇ, ਪਰ ਉਸ ਤੋਂ ਬਾਅਦ ਦੀ ਉਮਰ ਦਾ ਕੋਈ ਵੀ ਵਿਅਕਤੀ ਤੁਹਾਨੂੰ ਇਸ ਕਿਸਮ ਦੇ ਦਾਗ਼ਾਂ ਵਾਲਾ ਨਹੀਂ ਮਿਲੇਗਾ ਕਿਉਂਕਿ ਭਾਰਤ ਵਿੱਚ ਇਸ ਬਿਮਾਰੀ ਦਾ ਇਲਾਜ ਇਸ ਦੀ ਖੋਜ ਤੋਂ ਲਗਭਗ 75 ਕੁ ਸਾਲ ਬਾਅਦ ਹੀ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਕਹਿੰਦੇ ਹਨ ਕਿ ਚੇਚਕ ਦੇ ਟੀਕੇ ਦੇ ਖੋਜੀ ਐਡਵਰਡ ਜੈਨਰ ਨੇ ਗਵਾਲਿਨਾ ਨੂੰ ਇਹ ਕਹਿੰਦੇ ਸੁਣਿਆ ਸੀ, ''ਤੈਨੂੰ ਚੇਚਕ ਤੋਂ ਡਰਨ ਦੀ ਲੋੜ ਨਹੀਂ, ਕਿਉਂਕਿ ਤੈਨੂੰ ਤਾਂ ਪਹਿਲਾਂ ਹੀ ਛੋਟੀ ਮਾਤਾ ਨਿਕਲੀ ਹੋਈ ਹੈ।'' ਬੱਸ, ਇਹ ਸੁਣਦੇ ਹੀ ਜੈਨਰ ਕਿਸੇ ਅਜਿਹੇ ਟੀਕੇ ਦੀ ਖੋਜ ਵਿਚ ਜੁਟ ਗਿਆ, ਜੋ ਸਭ ਨੂੰ ਪਹਿਲਾਂ ਹੀ ਛੋਟੀ ਮਾਤਾ ਨਾਲ ਬਿਮਾਰ ਕਰ ਦੇਵੇ। ਅਖ਼ੀਰ ਉਸ ਨੇ ਇਕ ਮਰੀਜ਼ ਦੇ ਦਾਣਿਆਂ ਵਿਚੋਂ ਪਾਣੀ ਲਿਆ, ਜਿਸ ਦੇ ਪਹਿਲਾਂ ਹੀ ਛੋਟੀ ਮਾਤਾ ਨਿਕਲੀ ਹੋਈ ਸੀ ਅਤੇ ਇਸ ਨੂੰ ਇੱਕ ਅੱਠ ਸਾਲਾ ਬਾਲਕ ਜੇਮਜ਼ ਫ਼ਿਲਿਪਸ ਦੇ ਸਰੀਰ 'ਤੇ ਜ਼ਖ਼ਮ ਕਰਕੇ ਛਿੜਕ ਦਿੱਤਾ। ਬੱਸ ਫਿਰ ਕੀ ਸੀ, ਉਸ ਬਾਲਕ ਦੇ ਵੀ ਛੋਟੀ ਮਾਤਾ ਨਿਕਲ ਆਈ ਤੇ ਉਹ ਵੱਡੀ ਮਾਤਾ ਦੇ ਪ੍ਰਕੋਪ ਤੋਂ ਬਚ ਗਿਆ। ਇਸ ਤਰ੍ਹਾਂ 1876 ਵਿਚ ਇਸ ਚੇਚਕ ਵਿਰੋਧੀ ਟੀਕੇ ਦੀ ਖੋਜ ਹੋ ਗਈ। ਅੱਜ ਇਸ ਟੀਕੇ ਨੇ ਧਰਤੀ ਤੋਂ ਵੱਡੀ ਮਾਤਾ ਜਾਣੀ ਚੇਚਕ ਦਾ ਨਾਮ-ਨਿਸ਼ਾਨ ਹੀ ਮਿਟਾ ਦਿੱਤਾ ਹੈ।

ਅਜਿਹੀਆਂ ਸੈਂਕੜੇ ਹੀ ਬਿਮਾਰੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹੜੀਆਂ ਐਲੋਪੈਥਿਕ ਪ੍ਰਣਾਲੀ ਦੇ ਪ੍ਰਯੋਗ ਨਾਲ ਧਰਤੀ ਤੋਂ ਅਲੋਪ ਹੋ ਗਈਆਂ ਹਨ। ਇਸ ਪ੍ਰਣਾਲੀ ਦੀਆਂ ਬਹੁਤ ਸਾਰੀਆਂ ਖ਼ੂਬੀਆਂ ਹਨ ਕਿਉਂਕਿ ਕੋਈ ਵੀ ਦਵਾਈ ਪ੍ਰਮਾਣਿਤ ਕਰਨ ਤੋਂ ਪਹਿਲਾਂ ਇਸ ਦੀ ਪਰਖ ਜਾਨਵਰਾਂ 'ਤੇ ਕੀਤੀ ਜਾਂਦੀ ਹੈ।

ਪਹਿਲਾਂ ਬੀਮਾਰੀ ਦੀ ਰਸਾਇਣਕ ਪ੍ਰਕਿਰਿਆ ਦੀ ਜਾਂਚ ਹੁੰਦੀ ਹੈ, ਮਤਲਬ ਕਿਸੇ ਵੀ ਰੋਗ ਨੂੰ ਪੈਦਾ ਕਰਨ ਲਈ ਕਿਸ ਕਿਸਮ ਦਾ ਵਾਇਰਸ ਜ਼ੁੰਮੇਵਾਰ ਹੈ, ਇਸ ਵਾਇਰਸ ਨੂੰ ਨਸ਼ਟ ਕਰਨ ਲਈ ਕਿਹੜਾ ਰਸਾਇਣਕ ਪਦਾਰਥ ਜਾਂ ਵਾਇਰਸ ਵਰਤੋਂ ਵਿੱਚ ਲਿਆਂਦਾ ਜਾਵੇ। ਇਸ ਸਫਲਤਾ ਤੋਂ ਬਾਅਦ ਹੀ ਦਵਾਈ ਦੀ ਪਰਖ ਪਹਿਲਾਂ ਚੂਹੇ ਵਰਗੇ ਜੀਵਾਂ 'ਤੇ, ਫਿਰ ਬਾਂਦਰਾਂ 'ਤੇ ਕੀਤੀ ਜਾਂਦੀ ਹੈ। ਸਿੱਟੇ ਤੇ ਚਿੰਨ੍ਹ ਨੋਟ ਕੀਤੇ ਜਾਂਦੇ ਹਨ। ਜੇ ਸਿੱਟੇ ਉਤਸ਼ਾਹਜਨਕ ਹੋਣ ਤਾਂ ਉਸ ਤੋਂ ਬਾਅਦ ਮਨੁੱਖ ਅਤੇ ਮਨੁੱਖ ਦੇ ਗਰੁੱਪਾਂ 'ਤੇ ਪਰਖ ਹੁੰਦੀ ਹੈ। ਇਸ ਤੋਂ ਬਾਅਦ ਹੀ ਦਵਾਈ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।

ਕਿਸੇ ਮਰੀਜ਼ ਨੂੰ ਬਾਕਾਇਦਾ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੀ ਬਿਮਾਰੀ ਦੀ ਲੈਬਾਰਟਰੀ ਜਾਂਚ ਕੀਤੀ ਜਾਂਦੀ ਹੈ। ਇਹ ਢੰਗ ਪੂਰੀ ਤਰ੍ਹਾਂ ਵਿਗਿਆਨਕ ਹੁੰਦਾ ਹੈ। ਮੰਨ ਲਉ ਮੈਨੂੰ ਸ਼ੂਗਰ ਦੀ ਬਿਮਾਰੀ ਹੈ। ਜੇ ਮੇਰਾ ਖ਼ੂਨ ਸੱਤ ਲੈਬਾਰਟਰੀਆਂ ਨੂੰ ਟੈਸਟ ਕਰਨ ਲਈ ਭੇਜਿਆ ਜਾਵੇਗਾ ਤਾਂ ਉਹਨਾਂ ਸੱਤ ਲੈਬਾਰਟਰੀਆਂ ਦੀ ਰਿਪੋਰਟ ਲਗਭਗ ਇੱਕੋ ਹੀ ਹੋਵੇਗੀ। ਇਸ ਤਰ੍ਹਾਂ ਹੀ ਵੱਖ-ਵੱਖ ਬਿਮਾਰੀਆਂ ਵਿਚ ਹੁੰਦਾ ਹੈ। ਸੋ, ਬਿਮਾਰੀ ਦੀ ਹਾਲਤ ਵਿੱਚ ਸਭ ਤੋਂ ਵਿਗਿਆਨਕ ਢੰਗ ਇਹ ਹੀ ਹੈ ਕਿ ਬਿਮਾਰੀ ਦਾ ਪੱਕਾ ਪਤਾ ਲਾਉਣ ਲਈ ਲੋੜੀਂਦੇ ਟੈਸਟ ਜ਼ਰੂਰ ਕਰਵਾਏ ਜਾਣ। ਅੱਜ-ਕੱਲ੍ਹ ਬਹੁਤ ਸਾਰੇ ਐਲੋਪੈਥੀ ਦੇ ਡਾਕਟਰ ਮਰੀਜ਼ਾਂ ਦੀ ਟੈਸਟਾਂ ਰਾਹੀਂ ਹੀ ਲੁੱਟ-ਖਸੁੱਟ ਕਰਨ ਲੱਗ ਪਏ ਹਨ। ਜੇ ਅੱਖਾਂ ਖੋਲ੍ਹ ਕੇ ਟੈਸਟ ਕਰਵਾਏ ਜਾਣ ਤਾਂ ਇਸ ਲੁੱਟ-ਖਸੁੱਟ ਤੋਂ ਵੀ ਬਚਿਆ ਜਾ ਸਕਦਾ ਹੈ। ਅਜਿਹੇ ਡਾਕਟਰਾਂ ਕੋਲ ਕਦੇ ਨਹੀਂ ਜਾਣਾ ਚਾਹੀਦਾ, ਜਿਹੜੇ ਬਿਮਾਰੀ ਨੂੰ ਬੁੱਝਣ ਲਈ ਟੈਸਟਾਂ ਦੀ ਵਰਤੋਂ ਹੀ ਨਹੀਂ ਕਰਦੇ।

ਆਓ ਵੇਖੀਏ ਕਿ ਬਿਮਾਰੀ ਦੀ ਹਾਲਤ ਵਿਚ ਬਹੁਤ ਸਾਰੇ ਲੋਕ ਗ਼ੈਰ-ਵਿਗਿਆਨਕ ਢੰਗ ਅਪਣਾ ਕੇ ਕਿਵੇਂ ਆਪਣੀ ਬਿਮਾਰੀ ਨੂੰ ਲਾਇਲਾਜ ਬਣਾ ਲੈਂਦੇ ਹਨ।

ਬਹੁਤ ਸਾਰੇ ਵਿਅਕਤੀ ਇਹ ਜਾਣਦੇ ਹਨ ਕਿ ਸ਼ੂਗਰ ਦੀ ਬਿਮਾਰੀ ਇਸ ਲਈ ਪੈਦਾ ਹੋ ਜਾਂਦੀ ਹੈ ਕਿ ਸਾਡੇ ਸਰੀਰ ਦਾ ਇਕ ਅੰਗ ਪੈਂਕਰੀਆ ਇੰਸੂਲੀਨ ਪੈਦਾ ਕਰਨੀ ਘਟਾ ਦਿੰਦਾ ਹੈ ਜਾਂ ਬੰਦ ਕਰ ਦਿੰਦਾ ਹੈ। ਜੇ ਲੋਕਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਵੇ ਕਿ ਸੰਸਾਰ ਵਿੱਚ ਅਜਿਹੀ ਕੋਈ ਖੋਜ ਨਹੀਂ ਹੋਈ, ਜੋ ਪੈਂਕਰੀਆ ਦੇ ਕੰਮ ਢੰਗ ਨੂੰ ਸੁਧਾਰ ਸਕੇ ਤਾਂ ਅਜਿਹੇ ਲੋਕ ਬਾਹਰੋਂ ਇੰਸੂਲੀਨ ਲੈਣ ਦੀ ਆਦਤ ਸਹਿਜੇ ਹੀ ਅਪਣਾ ਲੈਣਗੇ, ਪਰ ਇਸ ਜਾਣਕਾਰੀ ਦੇ ਹੀਣੇ ਲੋਕੀਂ ਸ਼ੂਗਰ ਦੇ ਇਲਾਜ ਲਈ ਸਾਧਾਂ-ਸੰਤਾਂ ਤੇ ਨੀਮਾਂ-ਹਕੀਮਾਂ ਦੇ ਦੁਆਲੇ ਚੱਕਰ ਕੱਟਣੇ ਸ਼ੁਰੂ ਕਰ ਦੇਣਗੇ। ਸਿੱਟੇ ਵਜੋਂ ਇੰਸੂਲੀਨ ਦੀ ਘਾਟ ਸਰੀਰ ਵਿੱਚ ਬਿਮਾਰੀ ਦੀ ਦਸ਼ਾ ਹੋਰ ਵਿਗਾੜ ਦੇਵੇਗੀ।

ਬੁੱਧੀਮਾਨ ਵਿਅਕਤੀ ਜਾਣਦੇ ਹਨ ਕਿ ਮਾਂ ਦੇ ਪੇਟ ਵਿਚਲੇ ਬੱਚੇ ਦੇ ਸੈਕਸ ਦਾ ਫ਼ੈਸਲਾ ਗਰਭਧਾਰਨ ਕਰਨ ਦੇ ਪਹਿਲੇ ਦਿਨ ਹੀ ਹੋ ਜਾਂਦਾ ਹੈ। ਇਸਤਰੀ ਵਿੱਚ ਕਰੋਮੋਸੋਮ 23 ਜੋੜੇ ਹੁੰਦੇ ਹਨ ਅਤੇ ਸਾਰੇ ਹੀ ਣਣ  ਕਰੋਮੋਸੋਮ ਹੁੰਦੇ ਹਨ, ਪਰ ਮਰਦਾਂ ਵਿੱਚ 23ਵਾਂ ਜੋੜਾ ਣੇ ਕਰੋਮੋਸੋਮ ਹੁੰਦਾ ਹੈ। ਜੇਕਰ ਮਰਦ ਦੇ 23ਵੇਂ ਜੋੜੇ ਦਾ ਣ ਭਾਗ ਇਸਤਰੀ ਦੇ ਕਰੋਮੋਸੋਮ ਨਾਲ ਜੁੜਦਾ ਹੈ ਤਾਂ ਲੜਕੀ ਪੈਦਾ ਹੁੰਦੀ ਹੈ, ਪਰ ਜੇ ਮਰਦ ਦੇ 23ਵੇਂ ਜੋੜੇ ਦਾ ਭਾਗ ਇਸਤਰੀ ਦੇ 23ਵੇਂ ਜੋੜੇ ਣ ਨਾਲ ਜੁੜਦਾ ਹੈ ਤਾਂ ਪੈਦਾ ਹੋਣ ਵਾਲਾ ਬੱਚਾ ਲੜਕਾ ਹੋਵੇਗਾ। ਮਰਦ-ਇਸਤਰੀ ਕਰੋਮੋਸੋਮ ਦਾ ਮੇਲ ਤਾਂ ਸੰਭੋਗ ਦੇ 48 ਘੰਟੇ ਦੇ ਅੰਦਰ-ਅੰਦਰ ਹੋ ਜਾਂਦਾ ਹੈ। ਹੁਣ ਇਸ ਤੋਂ ਬਾਅਦ ਸਾਧਾਂ-ਸੰਤਾਂ ਦੀ ਰਾਖ ਜਾਂ ਪਾਣੀ ਅਤੇ ਵੈਦ-ਹਕੀਮਾਂ ਦੀਆਂ ਲਈਆਂ ਪੁੜੀਆਂ ਕੀ ਕੋਈ ਅਸਰ ਕਰ ਸਕਣਗੀਆਂ?

ਮੈਂ ਬਹੁਤ ਸਾਰੇ ਵਿਅਕਤੀਆਂ ਨੂੰ, ਜਿਨ੍ਹਾਂ ਵਿੱਚ ਬਰਨਾਲਾ ਦਾ ਇਕ ਅਖੌਤੀ ਤਰਕਸ਼ੀਲਵੀ ਹੈ ਇਹ ਕਹਿੰਦੇ ਸੁਣਿਆ ਹੈ ਕਿ ਉਹਨਾਂ ਦੇ ਘਰ ਜੋ ਇਕੋ-ਇਕ ਬੇਟੀ ਪੈਦਾ ਹੋਈ ਹੈ, ਉਹ ਕਾਲੇਕੇ ਵਾਲੇ ਸਾਧ ਦੀ ਕਿਰਪਾ ਨਾਲ ਹੋਈ ਹੈ। ਹੁਣ ਇਸ ਭੜੂਏ ਨੂੰ ਕੋਈ ਪੁੱਛੇ ਕਿ ਸਾਧ ਨੇ ਉਸ ਦੇ ਕਰੋਮੋਸੋਮ ਨੂੰ ਉਸ ਦੀ ਪਤਨੀ ਦੇ ਬੱਚੇਦਾਨੀ ਅੰਦਰ ਅੰਡੇ ਤੱਕ ਪੁੱਜਦਾ ਕਰਨ ਲਈ ਰਾਹ ਕਿਵੇਂ ਪੱਧਰਾ ਕੀਤਾ? ਮੈਂ ਹਜ਼ਾਰਾਂ ਅਜਿਹੇ ਵਿਅਕਤੀ ਵੇਖੇ ਹਨ, ਜਿਹੜੇ ਬਿਮਾਰੀਆਂ ਤੋਂ ਬਚਣ ਲਈ ਧਾਗੇ, ਤਵੀਤ ਕਰਵਾਉਂਦੇ ਰਹਿੰਦੇ ਹਨ, ਪਰ ਉਹਨਾਂ ਨੂੰ ਹੋਣ ਵਾਲੀ ਬਿਮਾਰੀ ਨੂੰ ਇਹ ਧਾਗੇ-ਤਵੀਤ ਕਿਵੇਂ ਰੋਕਦੇ ਹਨ। ਇਸ ਦਾ ਕਦੇ ਵੀ ਉਹ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕੇ।

ਲੋਕਾਂ ਦੀ ਇਸ ਪਿੱਛਲੱਗੂ ਸੋਚ ਦਾ ਫ਼ਾਇਦਾ ਹੀ ਸਾਧ-ਸੰਤ ਤੇ ਨੀਮ-ਹਕੀਮ ਉਠਾਉਂਦੇ ਹਨ। ਜਦੋਂ ਕੋਈ ਵਿਅਕਤੀ ਇਹਨਾਂ ਦੇ ਚੁੰਗਲ ਵਿਚ ਫਸ ਜਾਂਦਾ ਹੈ ਤਾਂ ਇਹ ਉਸ ਨੂੰ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਬੁਰੀ ਤਰ੍ਹਾਂ ਡਰਾ ਦਿੰਦੇ ਹਨ। ਡਰੇ ਹੋਏ ਵਿਅਕਤੀ ਨੂੰ ਦੋਵੇਂ ਹੱਥੀਂ ਲੁੱਟਣਾ ਸੁਖਾਲਾ ਹੁੰਦਾ ਹੈ।

ਕੁੱਝ ਦਿਨ ਪਹਿਲਾਂ ਪੰਜਾਬੀ ਅਖ਼ਬਾਰਾਂ ਵਿੱਚ ਇਹ ਖ਼ਬਰ ਵੀ ਪ੍ਰਕਾਸ਼ਤ ਹੋਈ ਕਿ ਗੁਜਰਾਤੀ ਵਿਗਿਆਨੀ ਹੱਡੀਆਂ ਦੇ ਕੈਂਸਰ ਦਾ ਮਰੀਜ਼ ਸੀ। ਉਸ ਨੇ ਸਿੱਖਾਂ ਦੇ ਸਭ ਤੋਂ ਵੱਡੇ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਬਾਣੀ ਸੁਣੀ ਤਾਂ ਉਸ ਦਾ ਹੱਡੀਆਂ ਦਾ ਕੈਂਸਰ ਸਦਾ ਲਈ ਠੀਕ ਹੋ ਗਿਆ। ਭਾਵੇਂ ਸਾਡੀ ਪੜਤਾਲ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਹੈ ਕਿ ਇਸ ਪੱਤਰਕਾਰ ਦੀ ਇਸੇ ਕੈਂਸਰ ਨਾਲ 2006 ਮੌਤ ਵਿੱਚ ਹੋ ਗਈ ਸੀ। ਜੇ ਇਸ ਕਿਸਮ ਦੇ ਗੰਭੀਰ ਰੋਗ ਇਸ ਤਰ੍ਹਾਂ ਹੀ ਠੀਕ ਹੋ ਜਾਂਦੇ ਹਨ ਤਾਂ ਸਿੱਖਾਂ ਦੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਰਨਤਾਰਨ ਵਿਖੇ ਕੋਹੜ ਦੇ ਇਲਾਜ ਦਾ ਦਵਾਖਾਨਾ ਖੋਲ੍ਹਣ ਦੀ ਕੀ ਲੋੜ ਸੀ? ਬਿਮਾਰੀਆਂ ਤਾਂ ਪਸ਼ੂਆਂ ਅਤੇ ਫ਼ਸਲਾਂ ਨੂੰ ਵੀ ਲੱਗ ਜਾਂਦੀਆਂ ਹਨ, ਫਿਰ ਤਾਂ ਇਹ ਵੀ ਇਸ ਢੰਗ ਨਾਲ ਠੀਕ ਕੀਤੀਆਂ ਜਾ ਸਕਦੀਆਂ ਹੋਣਗੀਆਂ? ਅਸਲ ਵਿੱਚ ਇਹ ਵਿਅਕਤੀ ਇਸ ਢੰਗ ਨਾਲ ਠੀਕ ਨਹੀਂ ਹੋਇਆ ਹੋਣਾ, ਭਰਪੂਰ ਅੰਗਰੇਜ਼ੀ ਦਵਾਈਆਂ ਦਾ ਪੂਰਾ ਇਲਾਜ ਕਰਵਾ ਕੇ ਠੀਕ ਹੋਇਆ ਹੋਵੇਗਾ। ਪਰ ਉਪਰੋਕਤ ਕਿਸਮ ਦੇ ਝੂਠੇ ਪ੍ਰਚਾਰ ਨੇ ਕੁੱਝ ਹੋਰ ਲੋਕਾਂ ਦੀਆਂ ਇਲਾਜ ਵਿਧੀਆਂ ਵਿਚਕਾਰੋਂ ਛੁਡਵਾ ਕੇ ਉਹਨਾਂ ਨੂੰ ਮੌਤ ਦੇ ਨੇੜੇ ਜ਼ਰੂਰ ਕਰ ਦਿੱਤਾ ਹੋਵੇਗਾ। ਭਾਵੇਂ ਅਜਿਹੇ ਵਿਅਕਤੀ ਨੈਤਿਕ ਪੱਖੋਂ ਸਜ਼ਾ ਦੇ ਹੱਕਦਾਰ ਹੁੰਦੇ ਹਨ, ਪਰ ਇੱਥੋਂ ਦੀਆਂ ਸਰਕਾਰਾਂ ਤਾਂ ਅੰਧਵਿਸ਼ਵਾਸਾਂ ਨੂੰ ਵਧਾਉਣ ਲਈ ਅਜਿਹੇ ਮੌਕਿਆਂ ਦੀ ਭਾਲ ਵਿਚ ਹੀ ਰਹਿੰਦੀਆਂ ਹਨ।

ਭਾਰਤੀ ਜਨਤਾ ਪਾਰਟੀ ਦੇ ਸਾਬਕਾ ਕੌਮੀ ਜਨਰਲ ਸਕੱਤਰ ਸ੍ਰੀ ਪ੍ਰਮੋਦ ਮਹਾਜਨ ਨੂੰ ਉਸ ਦੇ ਛੋਟੇ ਭਰਾ ਪ੍ਰਦੀਪ ਮਹਾਜਨ ਨੇ ਜਾਇਦਾਦ ਦੇ ਝਗੜੇ ਕਾਰਨ ਗੋਲੀਆਂ ਮਾਰ ਦਿੱਤੀਆਂ ਸਨ। ਇਕ ਪਾਸੇ ਤਾਂ ਸਭ ਤੋਂ ਵਧੀਆ ਡਾਕਟਰ ਜ਼ੋਰ ਲਾ ਰਹੇ ਸਨ, ਦੂਜੇ ਪਾਸੇ ਸਭ ਤੋਂ ਯੋਗ ਮੰਨੇ ਜਾਂਦੇ ਪੁਜਾਰੀ ਉਹਨਾਂ ਦੀ ਜਾਨ ਨੂੰ ਬਚਾਉਣ ਲਈ ਯੱਗਾਂ, ਹਵਨਾਂ ਰਾਹੀਂ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਸਨ। ਡਾਕਟਰਾਂ ਦੀ ਮਿਹਰਬਾਨੀ ਸਦਕਾ ਜੇ ਮਹਾਜਨ ਬਚ ਜਾਂਦਾ ਤਾਂ ਇਸ ਦਾ ਸਾਰਾ ਸਿਹਰਾ ਇਥੋਂ ਦੇ ਅਧਿਆਤਮਵਾਦੀਆਂ ਨੂੰ ਦੇ ਦਿੱਤਾ ਜਾਣਾ ਸੀ। ਸੁਆਦ ਤਾਂ ਫਿਰ ਆਉਂਦਾ ਜੇ ਅਜਿਹੇ ਮੌਕੇ ਯੱਗਾਂ-ਹਵਨਾਂ ਦੀ ਸੱਚੀ ਸ਼ਕਤੀ ਦੀ ਪਰਖ ਹੀ ਕਰ ਲਈ ਜਾਂਦੀ।

ਬਹੁਤ ਸਾਰੇ ਵਿਗਿਆਨੀ ਅਜਿਹੇ ਵੀ ਹੁੰਦੇ ਹਨ, ਜਿਹੜੇ ਦਾਅਵਾ ਤਾਂ ਵਿਗਿਆਨਕ, ਤਰਕਸ਼ੀਲ ਜਾਂ ਨਾਸਤਿਕ ਹੋਣ ਦਾ ਕਰਦੇ ਹਨ, ਪਰ ਅਸਲ ਵਿਚ ਸਮੱਸਿਆ ਆਉਣ 'ਤੇ ਆਪਣੇ ਰਸਤੇ ਤੋਂ ਥਿੜ੍ਹਕ ਜਾਂਦੇ ਹਨ। ਮੈਂ ਕਈ ਅਜਿਹੇ ਵਿਗਿਆਨੀਆਂ ਬਾਰੇ ਵੀ ਜਾਣਕਾਰੀ ਰੱਖਦਾ ਹਾਂ, ਜਿਨ੍ਹਾਂ ਨੇ ਵਿਗਿਆਨ ਦੇ ਖੇਤਰ ਵਿੱਚ ਵੱਡੀਆਂ ਉਪਲੱਬਧੀਆਂ ਹਾਸਲ ਕੀਤੀਆਂ ਹਨ, ਪਰ ਉਹ ਹੁਡਨੀ ਦੀਆਂ ਜਾਦੂ ਦੀਆਂ ਸ਼ਕਤੀਆਂ ਤੋਂ ਪ੍ਰਭਾਵਤ ਹੋ ਕੇ ਉਸ ਦੇ ਜਾਦੂ ਨੂੰ ਹਕੀਕੀ ਸਮਝਦੇ ਰਹੇ ਹਨ। ਇਸ ਦਾ ਕਾਰਨ ਹੁੰਦਾ ਹੈ ਕਿ ਇੱਕ ਵਿਅਕਤੀ ਹਰ ਕਿਸਮ ਦੀ ਜਾਣਕਾਰੀ ਦਾ ਮਾਹਰ ਨਹੀਂ ਬਣ ਸਕਦਾ। ਕਿਸੇ ਨਾ ਕਿਸੇ ਖੇਤਰ ਵਿਚ ਉਹ ਊਣਾ ਰਹਿ ਹੀ ਜਾਂਦਾ ਹੈ। ਜੇ ਉਸ ਦੀ ਸੋਚ ਵਿਗਿਆਨਕ ਨਹੀਂ ਤਾਂ ਉਸ ਖੇਤਰ ਵਿੱਚ ਉਸ ਦਾ ਵਤੀਰਾ ਪਿੱਛਲੱਗੂਆਂ ਵਾਲਾ ਹੋ ਨਿਬੜਦਾ ਹੈ। ਉਂਝ ਤਾਂ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਹੀ ਵਿਗਿਆਨਕ ਸੋਚ ਅਪਣਾਉਣੀ ਚਾਹੀਦੀ ਹੈ, ਪਰ ਬਿਮਾਰੀ ਦੀ ਹਾਲਤ ਵਿਚ ਤਾਂ ਇਹ ਹੋਰ ਵੀ ਵੱਧ ਜ਼ਰੂਰੀ ਬਣ ਜਾਂਦੀ ਹੈ, ਕਿਉਂਕਿ ਇੱਥੇ ਤਾਂ ਸਵਾਲ ਹੀ ਜਾਨ ਦਾ ਹੁੰਦਾ ਹੈ। ਸੋ ਜ਼ਿੰਦਗੀ ਦੀ ਹਰ ਘਟਨਾ ਨੂੰ ਕੀ, ਕਿਉਂ ਤੇ ਕਿਵੇਂ ਦੀ ਕਸੌਟੀ 'ਤੇ ਪਰਖਣ ਦੀ ਆਦਤ ਜ਼ਰੂਰ ਪਾ ਹੀ ਲੈਣੀ ਚਾਹੀਦੀ ਹੈ। ਸੋ, ਜਿਵੇਂ ਅਸੀਂ ਲੀਰਾਂ ਦੀ ਖਿੱਦੋ ਨੂੰ ਉਧੇੜਨਾ ਸ਼ੁਰੂ ਕਰ ਦਿੰਦੇ ਹਾਂ ਤਾਂ ਉਸ ਵਿੱਚੋਂ ਪਰਤਾਂ ਖੁੱਲ੍ਹਦੀਆਂ ਜਾਂਦੀਆਂ ਹਨ ਤਾਂ ਇਸ ਤਰ੍ਹਾਂ ਜ਼ਿੰਦਗੀ ਵਿਚ ਵਾਪਰਣ ਵਾਲੀ ਹਰ ਘਟਨਾ ਦੀ ਜਾਂਚ-ਪੜਤਾਲ ਕਰਨ ਦੀ ਆਦਤ ਪਾ ਹੀ ਲੈਣੀ ਚਾਹੀਦੀ ਹੈ। ਸਾਡੇ ਆਲੇ-ਦੁਆਲੇ ਦਾ ਸੰਸਾਰ ਪੂਰੀ ਤਰ੍ਹਾਂ ਜਾਣਨਯੋਗ ਹੈ। ਕਰੋੜਾਂ ਵਿਅਕਤੀਆਂ ਦੀ ਦਿਨ-ਰਾਤ ਦੀ ਮਿਹਨਤ ਸਦਕਾ ਇਹ ਜਾਣਨਯੋਗ ਹੋਇਆ ਹੈ।

ਅਜਿਹੇ ਮੌਕੇ ਪਿੱਛੇ ਲੱਗ ਕੇ ਜ਼ਿੰਦਗੀ ਨੂੰ ਨਰਕ ਬਣਾ ਲੈਣਾ ਸਿਆਣਪ ਨਹੀਂ। ਆਓ। ਵਿਗਿਆਨਕ ਸੋਚ ਦੀ ਇੱਕ ਚਿਣਗ ਨਾਲ ਦੁਨਿਆਵੀ ਸਮੁੰਦਰ ਵਿੱਚੋਂ ਚਾਨਣ ਦੀਆਂ ਕੁੱਝ ਬੂੰਦਾਂ ਲੱਭੀਏ ਤੇ ਧਰਤੀ ਦੇ ਵਿਸ਼ਾਲ ਜਨਸਮੂਹਾਂ ਵਿੱਚ ਇਹਨਾਂ ਦੀਆਂ ਰਿਸ਼ਮਾਂ ਵਿਖੇਰੀਏ ਅਤੇ ਆਪਣੇ ਉੱਪਰ ਪਿਛਲੀਆਂ ਪੀੜ੍ਹੀਆਂ ਦੇ ਚੜ੍ਹੇ ਕਰਜ਼ ਨੂੰ ਉਤਾਰੀਏ।

**ਮੇਘ ਰਾਜ ਮਿੱਤਰ**
ਤਰਕਸ਼ੀਲ ਨਿਵਾਸ,
ਕੱਚਾ ਕਲਾਜ ਰੋਡ, ਗਲੀ ਨੰ 8
ਬਰਨਾਲਾ। (9888787440)



# ਫ਼ਿਲਮ ਐਮਰਜੈਂਸੀ ਦੀ ਅੱਜ ਮੱਧਪ੍ਰਦੇਸ਼ ਦੇ ਹਾਈਕੋਰਟ 'ਚ ਹੋਵੇਗੀ ਸੁਣਵਾਈ

ਮੰਡੀ- ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ ਐਮਰਜੈਂਸੀ ਵਿਵਾਦਾਂ 'ਚ ਫਸੀ ਨਜ਼ਰ ਆ ਰਹੀ ਹੈ। ਮੱਧ ਪ੍ਰਦੇਸ਼ ਹਾਈ ਕੋਰਟ ਸੋਮਵਾਰ ਨੂੰ ਫਿਲਮ ਨਾਲ ਜੁੜੇ ਇਤਰਾਜ਼ਾਂ 'ਤੇ ਸੁਣਵਾਈ ਕਰ ਸਕਦੀ ਹੈ। ਦੱਸ ਦੇਈਏ ਕਿ ਜਬਲਪੁਰ ਅਤੇ ਇੰਦੌਰ ਦੇ ਸਿੱਖ ਭਾਈਚਾਰੇ ਨੇ ਫਿਲਮ 'ਤੇ ਇਤਰਾਜ਼ ਦਰਜ ਕਰਵਾ ਕੇ ਹਾਈ ਕੋਰਟ ਦੀ ਸ਼ਰਨ ਲਈ ਹੈ।ਆਪਣੇ ਰਵੱਈਏ ਨੂੰ ਲੈ ਕੇ ਅਕਸਰ ਸੁਰਖੀਆਂ 'ਚ ਰਹਿਣ ਵਾਲੀ ਫਿਲਮ ਅਦਾਕਾਰਾ ਕੰਗਨਾ ਰਣੌਤ ਅਤੇ ਹਿਮਾਚਲ ਪ੍ਰਦੇਸ਼ ਦੀ ਮੰਡੀ ਲੋਕ ਸਭਾ ਸੀਟ ਤੋਂ ਭਾਜਪਾ ਦੀ ਸੰਸਦ ਮੈਂਬਰ ਇਸ ਵਾਰ ਆਪਣੀ ਆਉਣ ਵਾਲੀ ਫਿਲਮ ਐਮਰਜੈਂਸੀ ਨੂੰ ਲੈ ਕੇ ਸੁਰਖੀਆਂ 'ਚ ਹੈ। ਮੱਧ ਪ੍ਰਦੇਸ਼ ਹਾਈਕੋਰਟ (ਜਬਲਪੁਰ) 'ਚ ਉਨ੍ਹਾਂ ਦੀ ਫਿਲਮ ਖਿਲਾਫ ਪਟੀਸ਼ਨ ਦਾਇਰ ਕੀਤੀ ਗਈ ਹੈ। ਦੱਸਿਆ ਗਿਆ ਕਿ ਫਿਲਮ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ।

ਫਿਲਮ 'ਚ ਅਜਿਹੇ ਦ੍ਰਿਸ਼ ਸਾਹਮਣੇ ਆਏ ਹਨ, ਜਿਨ੍ਹਾਂ 'ਚ ਸਿੱਖਾਂ ਦੀ ਦਿੱਖ ਨੂੰ ਘਿਨਾਉਣੇ ਅਤੇ ਖਤਰਨਾਕ ਦੱਸਿਆ ਗਿਆ ਹੈ, ਇਹ ਪੂਰੀ ਤਰ੍ਹਾਂ ਗਲਤ ਹੈ।

ਤੁਹਾਨੂੰ ਦੱਸ ਦੇਈਏ ਕਿ ਕੰਗਨਾ ਦੀ ਇਹ ਫਿਲਮ 6 ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ। ਫਿਲਮ ਦਾ ਟ੍ਰੇਲਰ ਸਾਹਮਣੇ ਆਉਂਦੇ ਹੀ ਇਸ ਨੂੰ ਲੈ ਕੇ ਵਿਵਾਦ ਸ਼ੁਰੂ ਹੋ ਗਿਆ ਹੈ। ਇੰਦੌਰ ਦੇ ਸਰਦਾਰ ਮਨਜੀਤ ਸਿੰਘ ਭਾਟੀਆ ਅਤੇ ਜਬਲਪੁਰ ਦੇ ਸਰਦਾਰ ਮਨੋਹਰ ਸਿੰਘ ਵੱਲੋਂ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਇਸ ਫਿਲਮ ਤੋਂ ਪੂਰੇ ਦੇਸ਼ ਦੇ ਸਿੱਖ ਭਾਈਚਾਰੇ ਦੇ ਲੋਕ ਦੁਖੀ ਹਨ। ਮੱਧ ਪ੍ਰਦੇਸ਼ ਹਾਈ ਕੋਰਟ ਸੋਮਵਾਰ ਨੂੰ ਫਿਲਮ ਨਾਲ ਜੁੜੇ ਇਤਰਾਜ਼ਾਂ 'ਤੇ ਸੁਣਵਾਈ ਕਰ ਸਕਦੀ ਹੈ। ਸਿੱਖ ਸੰਗਤ ਜਬਲਪੁਰ ਅਤੇ ਸ਼੍ਰੀ ਗੁਰੂ ਸਿੰਘ ਸਭਾ ਇੰਦੌਰ ਫਿਲਮ ਦੀ ਸਕ੍ਰੀਨਿੰਗ 'ਤੇ ਰੋਕ ਲਗਾਉਣ ਦੀ ਮੰਗ ਕਰ ਰਹੇ ਹਨ।

ਇਹ ਖ਼ਬਰ ਵੀ ਪੜ੍ਹੋ -ਦੀਪਿਕਾ ਪਾਦੂਕੋਣ ਦੀ ਡਿਲਵਰੀ ਡੇਟ ਆਈ ਸਾਹਮਣੇ, ਇਸ ਦਿਨ ਮਾਂ ਬਣੇਗੀ ਅਦਾਕਾਰਾ

ਕੀ ਹੈ ਫਿਲਮ 'ਚ

ਫਿਲਮ 'ਐਮਰਜੈਂਸੀ' ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੀ ਪੜਚੋਲ ਕਰਦੀ ਹੈ ਜਦੋਂ ਅਦਾਲਤ ਦੁਆਰਾ ਉਨ੍ਹਾਂ ਦੀਆਂ ਚੋਣਾਂ ਨੂੰ ਗੈਰ-ਕਾਨੂੰਨੀ ਕਰਾਰ ਦੇਣ ਤੋਂ ਬਾਅਦ ਉਸਨੇ ਦੇਸ਼ 'ਚ ਐਮਰਜੈਂਸੀ ਲਗਾਈ ਸੀ। ਇਸ ਫਿਲਮ 'ਚ ਅਦਾਕਾਰਾ ਕੰਗਨਾ ਰਣੌਤ ਨੇ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਇਆ ਹੈ। ਉਹ ਇਸ ਫਿਲਮ ਦੇ ਨਿਰਦੇਸ਼ਕ ਵੀ ਹਨ। ਕੇਂਦਰ ਸਰਕਾਰ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੇ ਦੋ ਦਿਨ ਪਹਿਲਾਂ ਇੱਕ ਵੀਡੀਓ ਜਾਰੀ ਕਰਕੇ ਸਪੱਸ਼ਟ ਕੀਤਾ ਸੀ ਕਿ ਫਿਲਮ ਨੂੰ ਅਜੇ ਤੱਕ ਸੈਂਸਰ ਸਰਟੀਫਿਕੇਟ ਨਹੀਂ ਮਿਲਿਆ ਹੈ।






# ਸਲਮਾਨ ਖ਼ਾਨ ਨਹੀਂ ਕਰਨਗੇ 'ਬਿੱਗ ਬੌਸ 18' ਹੋਸਟ, ਜਾਣੋ ਕਾਰਨ

ਮੁੰਬਈ- ਸਲਮਾਨ ਖ਼ਾਨ ਦੇ ਪ੍ਰਸ਼ੰਸਕ ਖੁਸ਼ ਹੋ ਗਏ ਜਦੋਂ ਇਹ ਖੁਲਾਸਾ ਹੋਇਆ ਕਿ ਬਿੱਗ ਬੌਸ 18 ਦੀ ਮੇਜ਼ਬਾਨੀ ਭਾਈਜਾਨ ਖੁਦ ਕਰਨਗੇ। ਜਿਵੇਂ-ਜਿਵੇਂ ਸ਼ੋਅ ਸ਼ੁਰੂ ਹੋਣ ਦਾ ਸਮਾਂ ਅਤੇ ਤਰੀਕ ਨੇੜੇ ਆ ਰਹੀ ਸੀ, ਇੱਕ ਹੋਰ ਵੱਡੀ ਅਪਡੇਟ ਆ ਗਈ ਹੈ। ਇਹ ਸੁਣ ਕੇ ਹਰ ਕੋਈ ਹੈਰਾਨ ਰਹਿ ਸਕਦਾ ਹੈ। ਰਿਪੋਰਟ ਮੁਤਾਬਕ ਸਲਮਾਨ ਖ਼ਾਨ ਇਕ ਵੱਡੀ ਵਜ੍ਹਾ ਕਾਰਨ ਇਸ ਸ਼ੋਅ ਨੂੰ ਹੋਸਟ ਨਹੀਂ ਕਰ ਸਕਣਗੇ। ਇਸ ਤੋਂ ਪਹਿਲਾਂ ਵੀ ਸਲਮਾਨ ਖ਼ਾਨ ਬਿੱਗ ਬੌਸ ਓਟੀਟੀ 3 ਨੂੰ ਹੋਸਟ ਕਰਨ ਵਾਲੇ ਸਨ ਪਰ ਆਖਰੀ ਸਮੇਂ 'ਤੇ ਅਨਿਲ ਕਪੂਰ ਨੂੰ ਹੋਸਟ ਬਣਾਇਆ ਗਿਆ ਸੀ। ਇਹੀ ਕਾਰਨ ਸੀ ਕਿ ਬਿੱਗ ਬੌਸ ਓਟੀਟੀ 3 ਨੂੰ ਪਹਿਲਾਂ ਦੇ ਸੀਜ਼ਨਾਂ ਜਿੰਨੀ ਪ੍ਰਸਿੱਧੀ ਨਹੀਂ ਮਿਲੀ ਸੀ। ਅਜਿਹੇ 'ਚ ਹੁਣ ਸਲਮਾਨ ਲਈ ਬਿੱਗ ਬੌਸ 18 ਨੂੰ ਹੋਸਟ ਕਰਨਾ ਮੁਸ਼ਕਿਲ ਹੋ ਗਿਆ ਹੈ।

ਬਿੱਗ ਬੌਸ ਦੇ ਪਹਿਲੇ 17 ਸੀਜ਼ਨ ਆ ਚੁੱਕੇ ਹਨ। ਸ਼ੁਰੂਆਤ 'ਚ ਸ਼ੋਅ ਨੂੰ ਵੱਖ-ਵੱਖ ਸਿਤਾਰਿਆਂ ਦੁਆਰਾ ਹੋਸਟ ਕੀਤਾ ਗਿਆ ਸੀ ਪਰ ਲੋਕਾਂ ਨੇ ਸਲਮਾਨ ਖ਼ਾਨ ਨੂੰ ਸ਼ੋਅ ਦੀ ਮੇਜ਼ਬਾਨੀ ਕਰਨਾ ਪਸੰਦ ਕੀਤਾ ਅਤੇ ਫਿਰ ਹਰ ਸਾਲ ਸਲਮਾਨ ਖ਼ਾਨ ਬਿੱਗ ਬੌਸ ਦੇ ਹੋਸਟ ਬਣ ਗਏ। ਇਸ ਖ਼ਬਰ ਤੋਂ ਬਾਅਦ ਸਾਰੇ ਸੋਸ਼ਲ ਮੀਡੀਆ 'ਤੇ ਦਹਿਸ਼ਤ ਦਾ ਮਾਹੌਲ ਹੈ। ਹਰ ਕੋਈ ਇਸ ਗੱਲ ਨੂੰ ਹਜ਼ਮ ਨਹੀਂ ਕਰ ਪਾ ਰਿਹਾ ਹੈ ਕਿ ਇਸ ਵਾਰ ਵੀ ਉਨ੍ਹਾਂ ਦੇ ਪਸੰਦੀਦਾ ਸ਼ੋਅ ਨੂੰ ਉਨ੍ਹਾਂ ਦੇ ਚਹੇਤੇ ਅਦਾਕਾਰ ਦੁਆਰਾ ਹੋਸਟ ਨਹੀਂ ਕੀਤਾ ਜਾਵੇਗਾ। ਇਸ ਦਾ ਕਾਰਨ ਉਨ੍ਹਾਂ ਦਾ ਐਕਸੀਡੈਂਟ ਹੈ, ਦਰਅਸਲ ਉਨ੍ਹਾਂ ਦੀਆਂ ਪਸਲੀਆਂ 'ਤੇ ਸੱਟ ਲੱਗੀ ਹੈ। ਜਿਸ ਕਾਰਨ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਉਹ ਆਉਣ ਵਾਲੇ ਸ਼ੋਅ ਨੂੰ ਹੋਸਟ ਨਹੀਂ ਕਰ ਸਕੇਗੀ।

ਇਹ ਖ਼ਬਰ ਵੀ ਪੜ੍ਹੋ - ਕੰਗਨਾ ਰਣੌਤ ਬਾਲੀਵੁੱਡ 'ਤੇ ਕੱਸਿਆ ਤੰਜ, ਕਿਹਾ- ਨਹੀਂ ਰਹਿਣ ਦੇਵਾਂਗੀ ਸ਼ਾਂਤੀ ਨਾਲ

ਇਹ ਗੱਲ ਸਲਮਾਨ ਖ਼ਾਨ ਦੀ ਹਾਲਤ ਨੂੰ ਦੇਖ ਕੇ ਰਿਪੋਰਟਾਂ ਕਹਿੰਦੀਆਂ ਹਨ। ਇਸ ਖ਼ਬਰ ਤੋਂ ਬਾਅਦ ਨਿਰਮਾਤਾਵਾਂ ਦੇ ਨਾਲ-ਨਾਲ ਦਰਸ਼ਕਾਂ ਨੂੰ ਵੀ ਝਟਕਾ ਦੇਣਾ ਯਕੀਨੀ ਸੀ। ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ 'ਚ ਦੇਖਿਆ ਜਾ ਰਿਹਾ ਹੈ ਕਿ ਸਲਮਾਨ ਖ਼ਾਨ ਮੁੰਬਈ 'ਚ ਬੱਚਿਆਂ ਦੇ ਇਕ ਸਮਾਰੋਹ 'ਚ ਸ਼ਾਮਲ ਹੋਣ ਗਏ ਸਨ, ਜਿੱਥੇ ਉਹ ਇਸ ਹਾਲਤ 'ਚ ਨਜ਼ਰ ਆਏ। ਹੁਣ ਵੀਡੀਓ ਦੇਖਣ ਤੋਂ ਬਾਅਦ ਹਰ ਕੋਈ ਉਸ ਦੀ ਸਿਹਤ ਨੂੰ ਲੈ ਕੇ ਚਿੰਤਤ ਹੈ। ਦੱਸ ਦੇਈਏ ਕਿ 'ਬਿੱਗ ਬੌਸ 18' 5 ਅਕਤੂਬਰ ਨੂੰ ਸ਼ੁਰੂ ਹੋਵੇਗਾ।

ਇਹ ਕਲਰਸ ਟੀ.ਵੀ. 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਇਸ 'ਚ ਕਈ ਪ੍ਰਤੀਯੋਗੀਆਂ ਦੇ ਨਾਂ ਸਾਹਮਣੇ ਆ ਰਹੇ ਹਨ ਜੋ ਇਸ ਸ਼ੋਅ ਦਾ ਹਿੱਸਾ ਬਣ ਸਕਦੇ ਹਨ।



# ਦੇਸ਼ ਦੀਆਂ ਔਰਤਾਂ ਨੂੰ ਭੂਤ ਨਹੀਂ ਮਰਦ ਡਰਾਉਂਦੇ ਹਨ- ਟਵਿੰਕਲ ਖੰਨਾ



ਮੁੰਬਈ- ਕੋਲਕਾਤਾ ਦੇ ਮੈਡੀਕਲ ਕਾਲਜ 'ਚ ਇੱਕ ਟਰੇਨੀ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਨੇ ਇੱਕ ਵਾਰ ਫਿਰ ਦੇਸ਼ ਦੀਆਂ ਔਰਤਾਂ ਨੂੰ ਡਰਾ ਦਿੱਤਾ ਹੈ। ਦੇਸ਼ 'ਚ ਔਰਤਾਂ ਦੀ ਸੁਰੱਖਿਆ 'ਤੇ ਸਵਾਲ ਉੱਠ ਰਹੇ ਹਨ। ਅਜਿਹੇ 'ਚ ਅਦਾਕਾਰਾ ਤੋਂ ਲੇਖਕਾ ਟਵਿੰਕਲ ਖੰਨਾ ਨੇ ਦੇਸ਼ 'ਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ 'ਤੇ ਗੱਲ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਦੇਸ਼ ਦੀਆਂ ਔਰਤਾਂ ਭੂਤਾਂ ਤੋਂ ਨਹੀਂ ਡਰਦੀਆਂ, ਮਰਦ ਉਨ੍ਹਾਂ ਨੂੰ ਡਰਾਉਂਦੇ ਹਨ।

ਟਵਿੰਕਲ ਖੰਨਾ ਨੇ ਕਿਹਾ ਕਿ 'ਇਸ ਧਰਤੀ 'ਤੇ ਪੰਜਾਹ ਸਾਲ ਹੋ ਗਏ ਹਨ, ਅਤੇ ਮੈਂ ਦੇਖਿਆ ਹੈ ਕਿ ਅਸੀਂ ਅਜੇ ਵੀ ਆਪਣੀਆਂ ਧੀਆਂ ਨੂੰ ਉਹੀ ਸਿਖਾ ਰਹੇ ਹਾਂ ਜੋ ਮੈਨੂੰ ਬਚਪਨ 'ਚ ਸਿਖਾਇਆ ਗਿਆ ਸੀ। ਇਕੱਲੇ ਨਾ ਜਾਓ। ਪਾਰਕ, ਸਕੂਲ, ਕੰਮ ਕਰਨ ਲਈ ਇਕੱਲੇ ਨਾ ਜਾਓ।ਟਵਿੰਕਲ ਨੇ ਅੱਗੇ ਲਿਖਿਆ- 'ਕਿਸੇ ਵੀ ਆਦਮੀ ਨਾਲ ਇਕੱਲੇ ਨਾ ਜਾਓ, ਭਾਵੇਂ ਉਹ ਤੁਹਾਡਾ ਚਾਚਾ, ਚਚੇਰਾ ਭਰਾ ਜਾਂ ਦੋਸਤ ਕਿਉਂ ਨਾ ਹੋਵੇ। ਸਵੇਰੇ ਜਾਂ ਸ਼ਾਮ ਨੂੰ ਇਕੱਲੇ ਨਾ ਜਾਓ, ਖਾਸ ਕਰਕੇ ਰਾਤ ਨੂੰ ਨਹੀਂ। ਇਕੱਲੇ ਨਾ ਜਾਓ ਕਿਉਂਕਿ ਇਹ ਜੇ, ਪਰ ਕਦੋਂ ਦੀ ਗੱਲ ਨਹੀਂ ਹੈ। ਇਕੱਲੇ ਨਾ ਜਾਓ ਕਿਉਂਕਿ ਤੁਸੀਂ ਕਦੇ ਵਾਪਸ ਨਹੀਂ ਆ ਸਕਦੇ ਹੋ। ਇਹ ਫੈਸਲਾ ਕਰਨ ਦਾ ਸਮਾਂ ਆ ਗਿਆ ਹੈ ਕਿ ਕਾਨੂੰਨ ਲਾਗੂ ਕੀਤੇ ਜਾਣ ਅਤੇ ਉਨ੍ਹਾਂ ਦੀ ਪਾਲਣਾ ਕੀਤੀ ਜਾਵੇ, ਤਾਂ ਜੋ ਸਾਨੂੰ ਆਪਣੇ ਘਰਾਂ ਤੱਕ ਸੀਮਤ ਰੱਖਣ ਦੀ ਬਜਾਏ ਜਨਤਕ ਥਾਵਾਂ 'ਤੇ ਔਰਤਾਂ ਦੀ ਸੁਰੱਖਿਆ ਦੀ ਗਾਰੰਟੀ ਦਿੱਤੀ ਜਾ ਸਕੇ।

ਟਵਿੰਕਲ ਅੱਗੇ ਲਿਖਦੀ ਹੈ - 'ਉਦੋਂ ਤੱਕ, ਮੈਨੂੰ ਲੱਗਦਾ ਹੈ ਕਿ ਇਸ ਦੇਸ਼ ਦੀ ਇੱਕ ਔਰਤ ਲਈ ਇੱਕ ਆਦਮੀ ਨਾਲੋਂ ਇੱਕ ਹਨੇਰੀ ਗਲੀ 'ਚ ਭੂਤ ਦਾ ਸਾਹਮਣਾ ਕਰਨਾ ਸੁਰੱਖਿਅਤ ਹੈ। ਟਵਿੰਕਲ ਖੰਨਾ ਨੇ ਅੱਗੇ ਫਿਲਮ 'ਸਤ੍ਰੀ 2' ਦਾ ਜ਼ਿਕਰ ਕੀਤਾ ਹੈ। ਉਸ ਨੇ ਲਿਖਿਆ - ਡਰਾਉਣੀ ਫਿਲਮਾਂ ਪਹਿਲਾਂ ਤੋਂ ਹੀ ਦੱਸੀਆਂ ਗਈਆਂ 'ਸਤ੍ਰੀ 2' ਵਾਂਗ ਇੱਕ ਮਹੱਤਵਪੂਰਨ ਸਮਾਜਿਕ ਸੰਦੇਸ਼ ਦੇਣ ਦਾ ਇੱਕ ਮਨੋਰੰਜਕ ਤਰੀਕਾ ਵੀ ਹੋ ਸਕਦੀਆਂ ਹਨ। ਜੋ ਹੁਣ ਇੱਕ ਪੂਰੀ ਡਰਾਉਣੀ ਦੁਨੀਆਂ 'ਚ ਬਦਲ ਰਿਹਾ ਹੈ ਉਸ ਦੀ ਪਹਿਲੀ ਕਿਸ਼ਤ ਉਹਨਾਂ ਕਹਾਣੀਆਂ ਦਾ ਉਲਟਾ ਹੈ ਜੋ ਮੇਰੀ ਦਾਦੀ ਮੈਨੂੰ ਸੁਣਾਉਂਦੀ ਸੀ।

# KWALITY
## MINI BAZAAR

**Store's Name and address:**

1. **Kwality Mini Bazaar Papatoetoe**
   286 Great South Road, Papatoetoe, Auckland -2025
2. **Kwality Mini Bazaar Botany**
   5/2 Bishop Dunn Place, Flat Bush, Auckland - 2013
3. **Kwality Mini Bazaar Manurewa**
   88F Great South Road, Takanini- 2112
4. **Kwality Mini Bazaar Papakura**
   305 Great South Road, Takanini, Auckland - 2112

ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ

**KWALITY**
**MINI BAZAAR**

PATOETOE
PAPAKURA
MANUREWA



# REVEAL EVENT

DATE REVEAL | SPORTS | ACTIVITIES | CULTURAL PROGRAM | REGISTRATIONS | COORDINATORS | RESPONSIBILITIES | COMMUNITY SUPPORT

AUCKLAND NSG

We are delighted to announce that we will be holding a conference to provide updates about the upcoming NZ Sikh Games 2024.

## NEW ZEALAND SIKH GAMES AUCKLAND 2024

This conference will take place at

**2:00 PM ON SUNDAY 25 AUGUST AT**
**90 WALTERS ROAD, TAKANINI, AUCKLAND 2112**

This event will reveal details on the dates, registrations, coordinators, responsibilities, community support and culture activities.

Treat this as an open invitation to all individuals, sports teams & clubs, culture groups, community groups, Sikh committees, and senior citizens groups.



First in service
THIRSTY LIQUOR
First in value

Black Bull LIQUOR
NO BULL, JUST THE BEST

**Over 200 Liquor Stores Nationwide**

Join the fastest gowing liquor franchise in NZ! If you would like to discuss any liquor store business opportunities do not hesitate to contact any one of the team.


**Tina 021 854 786**
**Jack 021 783 488**




# Travel Point

**0800 66 11 88**

*Specialist for Indian Subcontinent Travel*



Competitive Pricing
Trusted Service
Customer Focus
Leisure & Business Travel
Group & Tour Bookings



TICKETING
TOURS
HOLIDAYS



**SANDRINGHAM OFFICE**
521 Sandringham Road
Sandringham, Auckland, Ph: 09-815 3595

**PAPATOETOE OFFICE**
14 East Tamaki Road,
Papatoetoe, Auckland, Ph: 09-277 0592

Emergency 24/7: 027 491 8583 www.travelpoint.co.nz

# ਅੱਖਾਂ ਦੀ ਦੇਖਭਾਲ (Eye Care)



1. ਖੀਰੇ ਦੇ ਰਸ ਵਿਚ ਰੂੰ ਦੇ ਫਹੇ ਭਿਉਂਕੇ ਅੱਖਾਂ ਤੇ ਰੱਖੋ।

2. ਪਲਕਾਂ ਸੰਘਣੀਆਂ ਬਣਾਉਣ ਲਈ ਉਹਨਾਂ ਤੇ ਰੋਜ਼ਾਨਾ ਰਾਤ ਨੂੰ ਅਰਿੰਡ ਦਾ ਤੇਲ ਲਾਵੋ।

3. ਕਾਲੇ ਘੇਰੇ ਹਟਾਉਣ ਲਈ ਅੱਖਾਂ ਦੇ ਆਸ ਪਾਸ ਨਾਰੀਅਲ ਤੇਲ ਨਾਲ ਪੋਲੀ ਪੋਲੀ ਮਾਲਸ਼ ਕਰੋ।

4. ਅੱਖਾਂ ਦੀ ਪਫੀਨੈਸ (ਸੋਜ਼) ਹਟਾਉਣ ਲਈ ਆਲੂ ਨੂੰ ਕੱਦੂਕਸ਼ ਕਰ ਲਵੋ। ਉਸਨੂੰ ਮਲਮਲ ਦੇ ਕੱਪੜੇ ਵਿਚ ਬੰਨ੍ਹਕੇ ਅੱਖਾਂ ਤੇ ਰੱਖੋ। ਪੰਦਰਾਂ ਮਿੰਟ ਬਾਦ ਚੁੱਕ ਲਵੋ।

5. ਪਾਣੀ ਵਿਚ ਇਕ ਚੁਟਕੀ ਭਰ ਲੂਣ ਮਿਲਾਕੇ ਉਸ ਨਾਲ ਅੱਖਾਂ ਧੋਵੋ।

6. ਟਮਾਟਰ ਦਾ ਰਸ ਤੇ ਨਿੰਬੂ ਦਾ ਰਸ ਇਕੋ ਜਿਹੀ ਮਾਤਰਾ ਵਿਚ ਮਿਲਾਕੇ ਅੱਖਾਂ ਦੇ ਆਸਪਾਸ ਲਾਵੋ। ਅੱਧੇ ਘੰਟੇ ਬਾਦ ਪਹਿਲਾਂ ਠੰਢੇ ਅਤੇ ਫੇਰ ਗਰਮ ਪਾਣੀ ਨਾਲ ਧੋ ਲਵੋ। ਅੱਖਾਂ ਵਾਰੀ-ਵਾਰੀ ਧੋਵੋ।

7. ਪੀਸਿਆ ਹੋਇਆ ਜੈਫਲ ਅਤੇ ਚੰਦਨ ਮਿਲਾਕੇ ਪੇਸਟ ਬਣਾ ਲਵੋ। ਸੌਣ ਸਮੇਂ ਅੱਖਾਂ ਦੇ ਆਸੇ-ਪਾਸੇ ਲਾਵੋ। ਸੁਬਾਹ ਧੋ ਲਵੋ। ਕਾਲੇ ਘੇਰੇ ਹਟ ਜਾਣਗੇ।

8. ਖੀਰੇ ਦੇ ਰਸ ਵਿਚ ਪੰਜ-ਸੱਤ ਬੂੰਦਾਂ ਗੁਲਾਬ ਜਲ ਮਿਲਾਕੇ ਅੱਖਾਂ ਦੇ ਇਰਦ-ਗਿਰਦ ਲਾਵੋ।

9. ਅੱਖਾਂ ਵਿਚ ਚਮਕ ਬਣਾਈ ਰੱਖਣ ਲਈ ਗੁਲਾਬ ਜਲ ਦਾ ਇਸਤੇਮਾਲ ਕਰੋ।

10. ਅੱਠ ਛੋਟੇ ਚਮਚੇ ਪਾਣੀ ਵਿਚ ਇਕ ਗੁਲਾਬ ਦੇ ਫੁੱਲ ਦੀਆਂ ਅੱਧਖਿੜੀਆਂ ਪੰਖੜੀਆਂ ਉਬਾਲੋ। ਇਸਦੇ ਲਈ ਅਜਿਹੇ ਬਾਊਲ ਦੀ ਵਰਤੋਂ ਕਰੋ ਜਿਸਨੂੰ ਢਕਿਆ ਜਾ ਸਕਦਾ ਹੋਵੇ। ਸੇਕ ਘੱਟ ਰੱਖੋ। ਜਦੋਂ ਥੋੜ੍ਹਾ ਪਾਣੀ ਉੱਡ ਜਾਵੇ ਤਾਂ ਠੰਢਾ ਹੋਣ ਦੇਵੋ। ਪਾਣੀ ਪੁਣ ਲਵੋ। ਹੁਣ ਚਾਰ ਚਮਚੇ ਪੁਣੇ ਹੋਏ ਪਾਣੀ ਵਿਚ ਗੁਲਾਬ ਜਲ ਮਿਲਾਵੋ। ਹੱਥਾਂ ਜਾਂ ਆਈ ਕੱਪ (Eye cup) ਦੀ ਸਹਾਇਤਾ ਨਾਲ ਇਸ ਪਾਣੀ ਨਾਲ ਅੱਖਾਂ ਧੋਵੋ।

11. ਅੱਖਾਂ ਦੇ ਹੇਠਾਂ ਤੋਂ ਸੋਜ ਹਟਾਉਣ ਦੇ ਲਈ ਚਾਹ ਪੱਤੀ ਉਬਾਲ ਲਵੋ। ਠੰਢਾ ਹੋਣ ਤੇ ਇਸਨੂੰ ਪੁਣ ਲਵੋ। ਇਸ ਪਾਣੀ ਨਾਲ ਅੱਖਾਂ ਧੋਵੋ। ਅੱਖਾਂ ਦੀ ਸੋਜ ਘਟ ਜਾਵੇਗੀ।

12. ਇਕ ਦਰਮਿਆਨੇ ਆਕਾਰ ਦੇ ਟਮਾਟਰ ਨੂੰ ਦੋ ਹਿੱਸਿਆਂ ਵਿਚ ਕੱਟ ਲਵੋ। ਇਹਨਾਂ ਨੂੰ ਦਸ-ਪੰਦਰਾਂ ਮਿੰਟ ਅੱਖਾਂ ਤੇ ਰੱਖੋ। ਠੰਢੇ ਪਾਣੀ ਨਾਲ ਚਿਹਰਾ ਅਤੇ ਅੱਖਾਂ ਧੋ ਲਵੋ। ਇਸ ਨਾਲ ਅੱਖਾਂ ਦੇ ਆਸੇ-ਪਾਸੇ ਦੀਆਂ ਬਾਰੀਕ ਰੇਖਾਵਾਂ ਮਿਟ ਜਾਣਗੀਆਂ।

# ਵਾਲਾਂ ਦੀ ਦੇਖਭਾਲ



1. ਵਾਲਾਂ ਨੂੰ ਸਹੀ ਪੋਸ਼ਣ ਦੇਣ ਲਈ ਹਫ਼ਤੇ ਵਿਚ ਦੋ ਵਾਰੀ ਗਰਮ ਤੇਲ ਦੀ ਮਾਲਸ਼ ਕਰੋ। ਤੇਲ ਦੀ ਮਾਲਸ਼ ਕਰਨ ਨਾਲ ਖ਼ੂਨ ਸੰਚਾਰ ਬੇਹਤਰ ਹੁੰਦਾ ਹੈ। ਇਸ ਨਾਲ ਵਾਲਾਂ ਦਾ ਸਹੀ ਪੋਸ਼ਣ ਵੀ ਹੁੰਦਾ ਹੈ।

2. ਵਾਲ ਸੰਘਣੇ ਬਣਾਉਣ ਲਈ ਵਾਲ ਧੋਣ ਤੋਂ ਪਹਿਲਾਂ ਨਾਰੀਅਲ ਦੇ ਕੋਸੇ ਜਿਹੇ ਤੇਲ ਨਾਲ ਮਾਲਸ਼ ਕਰੋ। ਫੇਰ ਗਰਮ ਪਾਣੀ ਵਿਚ ਭਿਉਂਕੇ ਤੌਲੀਏ ਨਾਲ ਵਾਲਾਂ ਨੂੰ ਲਪੇਟਕੇ ਰੱਖੋ। ਇਕ ਡੇਢ ਘੰਟੇ ਬਾਦ ਵਾਲਾਂ ਨੂੰ ਧੋ ਲਵੋ।

3. ਨਿਯਮਤ ਸਫਾਈ ਦੇ ਲਈ ਵਾਲਾਂ ਨੂੰ ਹਫ਼ਤੇ ਵਿਚ ਦੋ-ਤਿੰਨ ਵਾਰ ਧੋਵੋ। ਵਾਲਾਂ ਨੂੰ ਬੇਸਣ ਜਾਂ ਚੌਲਾਂ ਦੀ ਪਿੱਛ (ਮੰਡ) ਨਾਲ ਧੋਣ ਲਾਭਦਾਇਕ ਹੁੰਦਾ ਹੈ।

4. ਇਕ ਚਮਚਾ ਗਲਸਰੀਨ, ਇਕ ਅੰਡੇ ਦੀ ਸਫ਼ੈਦੀ ਅਤੇ ਦੋ ਚਮਚੇ ਕੈਸਟਰ ਆਇਲ (ਅਰਿੰਡ ਦਾ ਤੇਲ) ਤਿੰਨਾਂ ਨੂੰ ਮਿਲਾਕੇ ਵਾਲਾਂ ਦੀਆਂ ਜੜ੍ਹਾਂ ਵਿਚ ਲਾਵੋ। ਇਕ ਡੇਢ ਘੰਟੇ ਬਾਦ ਵਾਲ ਧੋ ਲਵੋ।

5. ਵਾਲਾਂ ਦੀ ਡੀਪ ਕੰਡੀਸ਼ਨਿੰਗ ਦੇ ਲਈ ਬੀਅਰ, ਦਹੀਂ ਅਤੇ ਅੰਡੇ ਦੀ ਵਰਤੋਂ ਕਰੋ।

6. ਵਾਲਾਂ ਨੂੰ ਸਿਹਤਮੰਦ ਬਣਾਈ ਰੱਖਣ ਦੇ ਲਈ ਖਾਣਾ ਸੂਰਜਮੁਖੀ ਦੇ ਤੇਲ ਵਿਚ ਪਕਾਵੋ। ਸੂਰਜ ਮੁਖੀ ਦੇ ਤੇਲ ਵਿਚ ਇਸੈਂਸੀਅਲ ਫੈਟੀ ਐਸਿਡ ਹੁੰਦਾ ਹੈ ਜਿਹੜਾ ਵਾਲਾਂ ਨੂੰ ਨਮੀ ਪ੍ਰਦਾਨ ਕਰਦਾ ਹੈ।

7. ਵਾਲਾਂ ਦੇ ਚੰਗੇ ਵਾਧੇ ਲਈ ਵਾਲਾਂ ਵਿਚ ਅਰਿੰਡ ਦਾ ਤੇਲ ਲਾਵੋ। ਇਹ ਤੇਲ ਵਾਲਾਂ ਦੇ ਪੋਸ਼ਕ (ਟੌਨਿਕ) ਦਾ ਕੰਮ ਕਰਦਾ ਹੈ।

8. ਸੂਰਜਮੁਖੀ ਤੇਲ ਨਾਲ ਵਾਲਾਂ ਦੀ ਜੜ੍ਹਾਂ ਤੋਂ ਮਾਲਸ਼ ਕਰਨ ਨਾਲ ਰੁੱਖਾਪਣ ਦੂਰ ਹੁੰਦਾ ਹੈ।

9. ਡੈਂਡਰਫ (ਕਰ) ਦੀ ਸਮੱਸਿਆ ਤੋਂ ਖਹਿੜਾ ਛਡਾਉਣ ਦੇ ਲਈ ਜੈਤੂਨ ਦਾ ਤੇਲ, ਨਾਰੀਅਲ ਦਾ ਤੇਲ ਅਤੇ ਨਿੰਬੂ ਦਾ ਰਸ ਮਿਲਾਕੇ ਕੋਸਾ ਜਿਹਾ ਕਰ ਲਵੋ ਅਤੇ ਵਾਲਾਂ ਦੀਆਂ ਜੜ੍ਹਾਂ ਵਿਚ ਲਾਵੋ।

10. ਰਾਈ ਅਤੇ ਮੇਥੀਦਾਣੇ ਨੂੰ ਪੀਸਕੇ ਬਣਾਏ ਗਏ ਪੇਸਟ ਨੂੰ ਵਾਲਾਂ ਵਿਚ ਲਾਉਣ ਨਾਲ ਕਰ ਖਤਮ ਹੋ ਜਾਂਦੀ ਹੈ।

11. ਦੋ ਛੋਟੇ ਚਮਚੇ ਨਾਰੀਅਲ ਦੇ ਤੇਲ ਵਿਚ ਇਕ ਛੋਟਾ ਚਮਚਾ ਨਿੰਬੂ ਦਾ ਰਸ ਮਿਲਾਕੇ ਵਾਲਾਂ ਦੀਆਂ ਜੜ੍ਹਾਂ ਵਿਚ ਝੱਸਣ ਨਾਲ ਕਰ ਹਟ ਜਾਂਦੀ ਹੈ।

12. ਵਾਲਾਂ ਵਿਚ ਚਮਕ ਲਿਆਉਣ ਲਈ ਦੋ ਛੋਟੇ ਚਮਚੇ ਪੀਸੀ ਹੋਈ ਮਹਿੰਦੀ ਵਿਚ ਇਕ ਛੋਟਾ ਚਮਚਾ ਦਹੀਂ, ਇਕ ਛੋਟਾ ਚਮਚਾ ਪੀਸਿਆ ਹੋਇਆ ਮੇਥੀ ਦਾਣਾ, ਇਕ ਵੱਡਾ ਚਮਚਾ ਕੌਫੀ, ਦੋ ਵੱਡੇ ਚਮਚੇ ਪੁਦੀਨੇ ਦਾ ਰਸ ਮਿਲਾਕੇ ਪੇਸਟ ਬਣਾ ਲਵੋ। ਇਸਨੂੰ ਦੋ ਘੰਟੇ ਵਾਲਾਂ ਵਿਚ ਲਾ ਕੇ ਰੱਖੋ। ਜੇਕਰ ਰੰਗ ਗੂੜ੍ਹਾ ਚਾਹੁੰਦੇ ਹੋ ਤਾਂ ਤਿੰਨ ਚਾਰ ਘੰਟੇ ਲਾਈ ਰੱਖੋ।

# ਬੁੱਲ੍ਹਾਂ ਦੀ ਸੁੰਦਰਤਾ

1. ਬੁੱਲ੍ਹਾਂ ਨੂੰ ਗੁਲਾਬੀ ਨਰਮ, ਚਿਕਨਾ ਬਣਾਉਣ ਅਤੇ ਉਹਨਾਂ ਦਾ ਕਾਲਾਪਣ ਦੂਰ ਕਰਨ ਦੇ ਲਈ ਤਾਜ਼ੇ ਗੁਲਾਬ ਦੇ ਪੱਤਿਆਂ ਨੂੰ ਪੀਸਕੇ ਉਸ ਵਿਚ ਗਲਸਰੀਨ ਜਾਂ ਦੇਸੀ ਘਿਉ ਮਿਲਾਵੋ। ਰੋਜ਼ ਰਾਤ ਨੂੰ ਸੌਂਦੇ ਸਮੇਂ ਬੁੱਲ੍ਹਾਂ ਤੇ ਲਾਵੋ।

2. ਬੁੱਲ੍ਹਾਂ ਤੇ ਨਿੰਬੂ ਦਾ ਰਸ ਤੇ ਨਾਰੀਅਲ ਦਾ ਤੇਲ ਮਿਲਾਕੇ ਲਾਉਣ ਨਾਲ ਬੁੱਲ੍ਹਾਂ ਦਾ ਕਾਲਾਪਣ ਦੂਰ ਹੋ ਜਾਂਦਾ ਹੈ।

3. ਬੁੱਲ੍ਹਾਂ ਦੇ ਫਟ ਜਾਣ ਤੇ ਬਾਦਾਮ ਰੋਗਨ ਵਿਚ ਚੁਟਕੀ ਭਰ ਮਿੱਠਾ ਸੋਡਾ ਮਿਲਾਕੇ ਰਾਤ ਨੂੰ ਸੌਂਦੇ ਵਕਤ ਲਾਉਣ ਨਾਲ ਬੁੱਲ੍ਹ ਚਿਕਨੇ ਬਣੇ ਰਹਿੰਦੇ ਹਨ। ਇਹ ਲੇਪ ਧੁੰਨੀ ਅਤੇ ਤਲੀਆਂ ਤੇ ਵੀ ਲਾ ਲੈਣਾ ਚਾਹੀਦਾ ਹੈ।

4. ਮੋਮ ਨੂੰ ਦੇਸੀ ਘਿਉ ਵਿਚ ਪਿਘਲਾਕੇ ਹੋਠਾਂ (ਬੁੱਲ੍ਹਾਂ) ਤੇ ਲਾਉਣ ਨਾਲ ਸਰਦੀ ਨਾਲ ਖੁਸ਼ਕ ਤੇ ਫਟੇ ਹੋਏ ਬੁੱਲ੍ਹ ਠੀਕ ਹੋ ਜਾਂਦੇ ਹਨ।

5. ਬਾਦਾਮ ਗਿਰੀ ਘਿਸਾਕੇ ਰਾਤ ਨੂੰ ਸੌਂਦੇ ਸਮੇਂ ਬੁੱਲ੍ਹਾਂ ਤੇ ਲਾਉਣ ਨਾਲ ਚਮਕ ਬਣੀ ਰਹਿੰਦੀ ਹੈ।

6. ਨਿੰਮ ਦੇ ਛਿਲਕੇ ਦਾ ਲੇਪ ਰਾਤ ਨੂੰ ਲਾ ਕੇ ਸੌਂ ਜਾਵੋ। ਬੁੱਲ੍ਹ ਆਪਣੇ ਵਾਸਤਵਿਕ ਰੂਪ ਵਿਚ ਆ ਜਾਣਗੇ।

7. ਨਹਾਉਣ ਤੋਂ ਪਹਿਲਾਂ ਹਥੇਲੀ ਵਿਚ ਚੌਥਾਈ ਚਮਚਾ ਮੂੰਗਫਲੀ ਦਾ ਤੇਲ ਲੈ ਕੇ ਉਂਗਲੀ ਨਾਲ ਹਥੇਲੀ ਤੇ ਰਗੜੋ ਅਤੇ ਫੇਰ ਬੁੱਲ੍ਹਾਂ ਤੇ ਇਸਦੀ ਮਾਲਸ਼ ਕਰੋ। ਬੁੱਲ੍ਹਾਂ ਲਈ ਲਾਭਕਾਰੀ ਹੈ।

8. ਬੁੱਲ੍ਹਾਂ ਦੇ ਕਾਲੇਪਣ ਨੂੰ ਦੂਰ ਕਰਨ ਦੇ ਲਈ ਇਕ ਛੋਟਾ ਚਮਚਾ ਦੁੱਧ ਵਿਚ ਨਿੰਬੂ ਦਾ ਰਸ ਅਤੇ ਥੋੜ੍ਹਾ ਜਿਹਾ ਦਹੀਂ ਮਿਲਾਕੇ ਲਾਵੋ। ਪੰਜ ਮਿੰਟ ਬਾਦ ਧੋ ਲਵੋ।

9. ਗੁਲਾਬ ਦੀਆਂ ਪੰਖੜੀਆਂ ਨੂੰ ਪੀਸਕੇ ਹਫਤੇ ਵਿਚ ਇਕ ਵਾਰੀ ਬੁੱਲ੍ਹਾਂ ਤੇ ਲਾਵੋ। ਇਸ ਨਾਲ ਬੁੱਲ੍ਹਾਂ ਤੇ ਨਵੀਂ ਰੌਣਕ ਆਵੇਗੀ ਅਤੇ ਬੁੱਲ੍ਹਾਂ ਦੀ ਕਾਲਸ ਦੂਰ ਹੋਵੇਗੀ, ਬੁੱਲ੍ਹ ਗੁਲਾਬੀ ਬਣ ਜਾਣਗੇ।

10. ਟਮਾਟਰ ਦੇ ਰਸ ਵਿਚ ਚਿਕਨਾਈ ਮਿਲਾਕੇ ਬੁੱਲ੍ਹਾਂ ਤੇ ਲੇਪ ਕਰਨ ਨਾਲ ਬੁੱਲ੍ਹ ਫਟਣਗੇ ਨਹੀਂ ਅਤੇ ਲਾਲੀ ਬਣੀ ਰਹੇਗੀ।

11. ਟਮਾਟਰ ਦੇ ਰਸ ਨੂੰ ਪਾਣੀ ਵਿਚ ਮਿਲਾਕੇ ਕੁਰਲੀ ਕਰਨ ਨਾਲ ਮੂੰਹ, ਬੁੱਲ੍ਹ ਤੇ ਜੀਭ ਦੇ ਛਾਲੇ ਠੀਕ ਹੋ ਜਾਂਦੇ ਹਨ।

12. ਸਰਦੀਆਂ ਵਿਚ ਬੁੱਲ੍ਹ ਫਟਦੇ ਹੋਣ ਤਾਂ ਰਾਤ ਨੂੰ ਸੌਂਦੇ ਸਮੇਂ ਦੋ ਬਾਦਾਮ ਚੱਬ ਲੈਣ ਨਾਲ ਬੁੱਲ੍ਹ ਫਟਣਗੇ ਨਹੀਂ।

13. ਮਲਾਈ ਜਾਂ ਘਿਉ ਨੂੰ ਕੋਸਾ ਜਿਹਾ ਕਰਕੇ ਬੁੱਲ੍ਹਾਂ ਤੇ ਲਾਉਣ ਨਾਲ ਪੇਪੜੀਦਾਰ ਬੁੱਲ੍ਹ ਮੁਲਾਇਮ ਹੋ ਜਾਂਦੇ ਹਨ

14. ਬੁੱਲ੍ਹ ਫਟਣ ਤੇ ਕਪਾਹ ਦੇ ਵੜੇਵਿਆਂ ਦੀ ਗਿਰੀ ਪਾਣੀ ਵਿਚ ਪੀਸਕੇ ਜੇਕਰ ਇਸ ਲੇਪ ਨੂੰ ਕੁੱਝ ਦਿਨ ਮੱਥੇ ਤੇ ਲਾਇਆ ਜਾਵੇ ਤਾਂ ਬੁੱਲ੍ਹ ਫਟਦੇ ਨਹੀਂ।

15. ਬੁੱਲ੍ਹਾਂ ਤੇ ਨਿੰਬੂ, ਸ਼ਹਿਦ, ਮਲਾਈ ਦਾ ਲੇਪ ਕਰੋ, ਵੀਹ-ਪੱਚੀ ਮਿੰਟਾਂ ਬਾਦ ਧੋ ਦੇਵੋ। ਖੁਸ਼ਕੀ ਹੋਵੇ ਤਾਂ ਦੋ ਚਮਚੇ ਮਿਲਕ ਆਫ ਮੈਗਨੇਸ਼ੀਆ ਮਿਲਾਕੇ ਲਾਉਣਾ ਗੁਣਕਾਰੀ ਹੁੰਦਾ ਹੈ, ਸੰਵੇਦਨਸ਼ੀਲ ਚਮੜੀ ਦੇ ਲਈ ਸਿਰਫ਼ ਮਿਲਕ ਆਫ਼ ਮੈਗਨੇਸ਼ੀਆ ਹੀ ਠੀਕ ਹੈ।



# WHITE ROSE BUILDERS

*We do not build houses, We create homes...*

*Proudly Celebrating*

## 20 Years in Business

DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED